ਕੈਨੇਡੀਅਨ

# ਪੰਜਾਬੀ ਪੋਸਟ

Award winning news paper | Canadian Punjabi Post

To view our online newspaper visit punjabipost.ca/epaper | Vol 20*Issue 113 | Tuesday, June 08, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਕੈਨੇਡਾ ਡੇਅ ਦੇ ਜਸ਼ਨ ਰੱਦ ਕਰਨ ਦੀ ਮੰਗ ਨੇ ਜ਼ੋਰ ਫੜ੍ਹਿਆ



ਓਟਵਾ, 7 ਜੂਨ (ਪੋਸਟ ਬਿਊਰੋ) : ਬੀ ਸੀ ਵਿੱਚ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਤੋਂ ਮਿਲੀ ਸਾਂਝੀ ਕਬਰ ਵਿੱਚੋਂ 215 ਮੂਲਵਾਸੀ ਬੱਚਿਆਂ ਦੇ ਮਿਲੇ ਪਿੰਜਰਾਂ ਤੋਂ ਬਾਅਦ ਇਸ ਸਾਲ ਕੈਨੇਡਾ ਡੇਅ ਦੇ ਜਸ਼ਨ ਰੱਦ ਕਰਨ ਦੀ ਮੰਗ ਨੇ ਜ਼ੋਰ ਫੜ੍ਹ ਲਿਆ ਹੈ।

ਸੋਸ਼ਲ ਮੀਡੀਆ ਉੱਤੇ ਵੀ ਕੈਂਸਲ ਕੈਨੇਡਾ ਡੇਅ ਹੈਸ਼ਟੈਗ ਕਾਫੀ ਵਾਇਰਲ ਹੋ ਰਿਹਾ ਹੈ। ਬਹੁਤ ਸਾਰੇ ਲੋਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਦਿਨ ਨੂੰ ਮੂਲਵਾਸੀ ਲੋਕਾਂ ਨਾਲ ਹੋਈ ਬੇਇਨਸਾਫੀ ਦੇ ਦਿਨ ਵਜੋਂ ਮਨਾਇਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਮਰਨ ਵਾਲਿਆਂ ਦੀ ਯਾਦ ਨੂੰ ਸਮਰਪਿਤ ਕੀਤਾ ਜਾਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਪਹਿਲੀ ਜੁਲਾਈ ਨੂੰ ਕਈ ਮੂਲਵਾਸੀ ਗਰੁੱਪਜ਼ ਵੱਲੋਂ ਵੈਨਕੂਵਰ ਤੇ ਓਨਟਾਰੀਓ ਦੇ ਕਈ ਇਲਾਕਿਆਂ ਵਿੱਚ ਮੁਜ਼ਾਹਰੇ ਕਰਨ ਦੀ ਯੋਜਨਾ ਵੀ ਬਣਾਈ ਜਾ ਰਹੀ ਹੈ। ਕੈਨੇਡਾ ਡੇਅ ਨੂੰ ਰੱਦ ਕਰਵਾਉਣ ਦੇ ਸਮਰਥਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਦੇਸ਼ ਭਰ ਵਿੱਚ 139 ਅਜਿਹੇ ਰੈਜ਼ੀਡੈਂਸ਼ੀਅਲ ਸਕੂਲਾਂ ਨੂੰ ਅਟੈਂਡ ਕਰਦੇ ਸਮੇਂ ਮਾਰੇ ਗਏ ਵਿਦਿਆਰਥੀਆਂ ਦੀ ਯਾਦ ਵਿੱਚ ਕੈਨੇਡਾ ਡੇਅ ਮਨਾਇਆ ਜਾਣਾ ਚਾਹੀਦਾ ਹੈ।

ਸੋਮਵਾਰ ਨੂੰ ਪੱਤਰਕਾਰਾਂ ਵੱਲੋਂ ਐਨਡੀਪੀ ਆਗੂ ਜਗਮੀਤ ਸਿੰਘ ਕੋਲੋਂ ਜਦੋਂ ਇਹ ਪੁੱਛਿਆ ਗਿਆ ਕਿ ਕੀ ਉਹ ਇਸ ਸਾਲ ਕੈਨੇਡਾ ਡੇਅ ਦੇ ਜਸ਼ਨ ਰੱਦ ਕਰਨ ਦੇ ਹੱਕ ਵਿੱਚ ਹਨ ਤਾਂ ਉਨ੍ਹਾਂ ਆਖਿਆ ਕਿ ਸਾਨੂੰ ਸੁਲ੍ਹਾ ਉੱਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਤੇ ਇਹ ਸਾਡੀ ਤਰਜੀਹ ਹੋਣੀ ਚਾਹੀਦੀ ਹੈ। ਉਨ੍ਹਾਂ ਅੱਗੇ ਆਖਿਆ ਕਿ ਲਿਬਰਲ ਸਰਕਾਰ ਨੇ ਇਸ ਸਬੰਧ ਵਿੱਚ ਕਾਫੀ ਕੁੱਝ ਆਖਿਆ ਹੈ ਪਰ ਉਸ ਉੱਤੇ ਅਮਲ ਨਹੀਂ ਕੀਤਾ ਤੇ ਇਸ ਨਾਲ ਮੂਲਵਾਸੀ ਭਾਈਚਾਰੇ ਨੂੰ ਦੁੱਖ ਪਹੁੰਚਿਆ ਹੈ।

# ਕੌਮਾਂਤਰੀ ਵਿਜ਼ੀਟਰਜ਼ ਲਈ ਸ਼ਰਤਾਂ ਨਰਮ ਕਰਨ ਬਾਰੇ ਵਿਚਾਰ ਕਰ ਰਹੀ ਹੈ ਫੈਡਰਲ ਸਰਕਾਰ



ਓਟਵਾ, 7 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਮਹਾਂਮਾਰੀ ਸਬੰਧੀ ਪਾਬੰਦੀਆਂ ਵਿੱਚ ਢਿੱਲ ਦਿੱਤੇ ਜਾਣ ਤੋਂ ਬਾਅਦ ਕੌਮਾਂਤਰੀ ਵਿਜ਼ੀਟਰਜ਼ ਲਈ ਵੀ ਸ਼ਰਤਾਂ ਨਰਮ ਕਰਨ ਬਾਰੇ ਫੈਡਰਲ ਸਰਕਾਰ ਵਿਚਾਰ ਕਰ ਰਹੀ ਹੈ। ਇਹ ਸੱਭ ਪੜਾਅਵਾਰ ਕੀਤਾ ਜਾਵੇਗਾ ਤੇ ਗਲੋਬਲ ਪੱਧਰ ਉੱਤੇ ਕੋਵਿਡ-19 ਮਾਮਲਿਆਂ ਦਾ ਧਿਆਨ ਰੱਖ ਕੇ ਹੀ ਫੈਸਲੇ ਲਏ ਜਾਣਗੇ।

ਫੈਡਰਲ ਸਰਕਾਰ ਨੇ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਗੈਰ ਜ਼ਰੂਰੀ ਟਰੈਵਲਰਜ਼ ਦੇ ਕੈਨੇਡਾ ਆਉਣ ਉੱਤੇ ਰੋਕ ਲਾਈ ਹੋਈ ਹੈ। ਕੋਵਿਡ-19 ਦੇ ਕਈ ਵੇਰੀਐਂਟਸ ਕਾਰਨ ਸਰਕਾਰ ਨੇ ਭਾਰਤ ਤੇ ਯੂ ਕੇ ਤੋਂ ਸਿੱਧੀਆਂ ਉਡਾਨਾਂ ਵੀ ਬੰਦ ਕੀਤੀਆਂ ਹੋਈਆਂ ਹਨ। ਟਰੂਡੋ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਇੱਕ ਵਾਰੀ ਪਾਬੰਦੀਆਂ ਵਿੱਚ ਢਿੱਲ ਦਿੱਤੇ ਜਾਣ ਤੋਂ ਬਾਅਦ ਬਹੁਤ ਸਾਰੇ ਦੇਸ਼ਾਂ ਤੋਂ ਟਰੈਵਲਰਜ਼ ਕੈਨੇਡਾ ਵਿਜ਼ਿਟ ਕਰਨਾ ਚਾਹੁਣਗੇ। ਅਜਿਹਾ ਇਸ ਲਈ ਵੀ ਹੋਵੇਗਾ ਕਿਉਂਕਿ ਇੱਥੇ ਵੈਕਸੀਨੇਸ਼ਨ ਦੀ ਦਰ ਹੋਰਨਾਂ ਦੇਸ਼ਾਂ ਤੋਂ ਵਧੀਆਂ ਹੈ ਤੇ ਕੋਵਿਡ-19 ਦੇ ਮਾਮਲੇ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਘੱਟ ਹਨ।

ਕੈਨੇਡਾ ਆਉਣ ਵਾਲੇ ਸ਼ਖਸ ਦਾ ਪੂਰੀ ਤਰ੍ਹਾਂ ਵੈਕਸੀਨੇਟ ਹੋਣਾਂ ਜ਼ਰੂਰੀ ਹੋਵੇਗਾ। ਟਰੂਡੋ ਨੇ ਆਖਿਆ ਕਿ ਦੇਸ਼ ਇੱਕ ਹੋਰ ਕੋਵਿਡ-19 ਵੇਵ ਦਾ ਸਾਹਮਣਾ ਕਰਨ ਦਾ ਖਤਰਾ ਮੁੱਲ ਨਹੀਂ ਲੈ ਸਕਦਾ। ਉਨ੍ਹਾਂ ਆਖਿਆ ਕਿ ਚੌਥੀ ਵੇਵ ਕਾਰੋਬਾਰਾਂ ਦੇ ਨਾਲ ਨਾਲ ਦੇਸ਼ ਦੇ ਹੌਸਲੇ ਲਈ ਵੀ ਤਬਾਹਕੁੰਨ ਹੋਵੇਗੀ।

## ਅੰਦਰ ਪੜ੍ਹੋ


12 ਤੋਂ 17 ਸਾਲ ਦੇ ਬੱਚਿਆਂ ਦੇ ਟੀਕਾਕਰਣ ਲਈ ਆਪਣੀ ਵੈਕਸੀਨ ਦੀ ਵਰਤੋਂ ਵਾਸਤੇ ਮੌਡਰਨਾ ਨੇ ਹੈਲਥ ਕੈਨੇਡਾ ਤੋਂ ਮੰਗੀ ਇਜਾਜ਼ਤ




ਆਮ ਆਦਮੀ ਪਾਰਟੀ ਵੱਲੋਂ ਦੋਸ਼, ਪੰਜਾਬ ਵਿੱਚ ਵੈਕਸੀਨ ਪਿੱਛੋਂ ਫਤਿਹ ਕਿੱਟ ਖਰੀਦਣ ਵਿੱਚ ਵੀ ਘਪਲਾ ਹੋਇਐ





# ਡਰਾਈਵਰ ਨੇ ਜਾਣਬੁੱਝ ਕੇ ਮੁਸਲਿਮ ਪਰਿਵਾਰ ਉੱਤੇ ਗੱਡੀ ਚੜ੍ਹਾ ਕੇ 4 ਜੀਆਂ ਦੀ ਲਈ ਜਾਨ : ਪੁਲਿਸ



ਲੰਡਨ, ਓਨਟਾਰੀਓ, 7 ਜੂਨ (ਪੋਸਟ ਬਿਊਰੋ) : ਲੰਡਨ, ਓਨਟਾਰੀਓ ਦੀ ਪੁਲਿਸ ਨੇ ਚਾਰ ਰਾਹਗੀਰਾਂ ਉੱਤੇ ਕਾਰ ਚੜ੍ਹਾ ਕੇ ਉਨ੍ਹਾਂ ਨੂੰ ਜਾਨੋਂ ਮਾਰਨ ਵਾਲੇ ਮਸ਼ਕੂਕ ਖਿਲਾਫ ਫਰਸਟ ਡਿਗਰੀ ਮਰਡਰ ਦੇ ਨਾਲ ਨਾਲ ਕਤਲ ਕਰਨ ਦੀ ਕੋਸ਼ਿਸ਼ ਕਰਨ ਦਾ ਮਾਮਲਾ ਦਰਜ ਕੀਤਾ ਹੈ। ਪੁਲਿਸ ਦਾ ਇਹ ਵੀ ਕਹਿਣਾ ਹੈ ਕਿ ਇਸ ਸ਼ਖਸ ਨੇ ਜਾਣਬੁੱਝ ਕੇ ਮੁਸਲਮਾਨ ਪਰਿਵਾਰ ਉੱਤੇ ਗੱਡੀ ਚੜ੍ਹਾਈ ਤੇ ਚਾਰ ਜੀਆਂ ਦੀ ਜਾਨ ਲੈ ਲਈ ਤੇ ਇੱਕ ਨੂੰ ਜ਼ਖ਼ਮੀ ਕਰ ਦਿੱਤਾ।

ਮਰਨ ਵਾਲਿਆਂ ਵਿੱਚ 74 ਸਾਲਾ ਮਹਿਲਾ, 46 ਸਾਲਾ ਵਿਅਕਤੀ, 44 ਸਾਲਾ ਇੱਕ ਹੋਰ ਮਹਿਲਾ ਤੇ 15 ਸਾਲਾ ਲੜਕੀ ਸ਼ਾਮਲ ਹਨ। 9 ਸਾਲਾ ਲੜਕਾ ਹਸਪਤਾਲ ਵਿੱਚ ਜੇਰੇ ਇਲਾਜ ਹੈ। ਇਹ ਘਟਨਾ ਐਤਵਾਰ ਨੂੰ ਰਾਤੀਂ 8:40 ਉੱਤੇ ਵਾਪਰੀ ਜਦੋਂ ਪਿੱਕਅੱਪ ਟਰੱਕ ਦੇ ਡਰਾਈਵਰ ਨਥਾਨੀਅਲ ਵੈਲਟਮੈਨ (ਉਮਰ 20 ਸਾਲ) ਨੇ ਹਾਈਡ ਪਾਰਕ ਰੋਡ ਉੱਤੇ ਤੁਰੇ ਜਾ ਰਹੇ ਪੰਜ ਲੋਕਾਂ ਉੱਤੇ ਗੱਡੀ ਚੜ੍ਹਾ ਦਿੱਤੀ। ਇਸ ਹਾਦਸੇ ਤੋਂ ਕੁੱਝ ਦੇਰ ਬਾਅਦ ਹੀ ਵੈਲਟਮੈਨ ਨੂੰ ਘਟਨਾ ਵਾਲੀ ਥਾਂ ਤੋਂ ਸੱਤ ਕਿਲੋਮੀਟਰ ਦੂਰ ਆਕਸਫੋਰਡ ਸਟਰੀਟ ਉੱਤੇ ਸਥਿਤ ਚੈਰੀਹਿੱਲ ਵਿਲੇਜ ਮਾਲ ਦੇ ਪਾਰਕਿੰਗ ਲੌਟ ਵਿੱਚੋਂ ਗ੍ਰਿਫਤਾਰ ਕਰ ਲਿਆ ਗਿਆ। ਸੋਮਵਾਰ ਸਵੇਰੇ ਪੁਲਿਸ ਮਾਲ ਉੱਤੇ ਹੀ ਸੀ।

ਸੋਮਵਾਰ ਦੁਪਹਿਰ ਨੂੰ ਇੱਕ ਨਿਊਜ਼ ਕਾਨਫਰੰਸ ਦੌਰਾਨ ਲੰਡਨ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਸ ਗੱਲ ਦੇ ਸਬੂਤ ਮਿਲੇ ਹਨ ਕਿ ਇਹ ਘਟਨਾ ਹੇਟ ਕ੍ਰਾਈਮ ਹੀ ਸੀ ਪਰ ਉਨ੍ਹਾਂ ਤਫਸੀਲ ਨਾਲ ਇਸ ਦੀ ਜਾਣਕਾਰੀ ਨਹੀਂ ਦਿੱਤੀ। ਪੁਲਿਸ ਅਧਿਕਾਰੀ ਪਾਲ ਵੇਟ ਨੇ ਬ੍ਰੀਫਿੰਗ ਦੌਰਾਨ ਦੱਸਿਆ ਕਿ ਮੁਸਲਮਾਨ ਪਰਿਵਾਰ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਗਿਆ। ਪੁਲਿਸ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਮਸ਼ਕੂਕ ਨੇ ਘਟਨਾ ਸਮੇਂ ਕਵਚ ਵੀ ਪਾਇਆ ਹੋਇਆ ਸੀ ਤੇ ਉਸ ਖਿਲਾਫ ਅੱਤਵਾਦ ਸਬੰਧੀ ਚਾਰਜਿਜ਼ ਲਾਉਣ ਉੱਤੇ ਵੀ ਵਿਚਾਰ ਚੱਲ ਰਿਹਾ ਹੈ। ਵੇਟ ਨੇ ਆਖਿਆ ਕਿ ਘਟਨਾ ਦਾ ਸ਼ਿਕਾਰ ਹੋਏ ਲੋਕਾਂ ਤੇ ਮਸ਼ਕੂਕ ਵਿਚਾਲੇ ਕੋਈ ਸਬੰਧ ਨਹੀਂ ਸੀ। ਵੈਲਟਮੈਨ ਨੂੰ ਸੋਮਵਾਰ ਦੁਪਹਿਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ ਤੇ ਇਸ ਹਫਤੇ ਉਸ ਨੂੰ ਮੁੜ ਅਦਾਲਤ ਸਾਹਮਣੇ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

ਪੁਲਿਸ ਵੱਲੋਂ ਮ੍ਰਿਤਕਾਂ ਦੇ ਨਾਂ ਜਾਰੀ ਨਹੀਂ ਕੀਤੇ ਗਏ ਹਨ। ਲੰਡਨ ਪੁਲਿਸ ਚੀਫ ਸਟੀਵ ਵਿਲੀਅਮਜ਼ ਨੇ ਪਰਿਵਾਰ ਤੇ ਮੁਸਲਿਮ ਕਮਿਊਨਿਟੀ ਨਾਲ ਹਮਦਰਦੀ ਪ੍ਰਗਟਾਈ। ਲੰਡਨ ਦੇ ਮੇਅਰ ਐਡ ਹੋਲਡਰ ਨੇ ਵੀ ਸੋਮਵਾਰ ਨੂੰ ਵਰਚੂਅਲ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕੀਤਾ। ਉਨ੍ਹਾਂ ਆਖਿਆ ਕਿ ਇਹ ਹੇਟ ਕ੍ਰਾਈਮ ਸੀ ਤੇ ਜਾਣਬੁੱਝ ਕੇ ਮੁਸਲਿਮ ਕਮਿਊਨਿਟੀ ਖਿਲਾਫ ਕੀਤਾ ਗਿਆ ਕਾਰਾ ਸੀ।

# ਸ਼ੁੱਕਰਵਾਰ ਤੋਂ ਓਨਟਾਰੀਓ ਅਮਲ ਵਿੱਚ ਲਿਆਵੇਗਾ ਰੀਓਪਨਿੰਗ ਪਲੈਨ ਦਾ ਪਹਿਲਾ ਪੜਾਅ



ਟੋਰਾਂਟੋ, 7 ਜੂਨ (ਪੋਸਟ ਬਿਊਰੋ) : ਸ਼ੁੱਕਰਵਾਰ ਨੂੰ ਓਨਟਾਰੀਓ ਆਪਣੇ ਰੀਓਪਨਿੰਗ ਪਲੈਨ ਦੇ ਪਹਿਲੇ ਪੜਾਅ ਵਿੱਚ ਦਾਖਲ ਹੋਵੇਗਾ। ਅਜਿਹਾ ਨਿਰਧਾਰਤ ਸ਼ਡਿਊਲ ਤੋਂ ਤਿੰਨ ਦਿਨ ਪਹਿਲਾਂ ਹੋਵੇਗਾ। ਪ੍ਰੋਵਿੰਸ ਪੱਧਰ ਉੱਤੇ ਵੈਕਸੀਨੇਸ਼ਨ ਦਰ ਤੇ ਸਿਹਤ ਸਬੰਧੀ ਮਾਮਲਿਆਂ ਵਿੱਚ ਆਏ ਸੁਧਾਰ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ।

ਪ੍ਰੀਮੀਅਰ ਦੇ ਆਫਿਸ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਓਨਟਾਰੀਓ ਵਿੱਚ ਕੋਵਿਡ-19 ਦੇ ਮੌਜੂਦਾ ਮਾਮਲਿਆਂ ਵਿੱਚ ਆਈ ਕਮੀ ਮਗਰੋਂ ਇਹ ਫੈਸਲਾ ਲਿਆ ਗਿਆ। ਇਸ ਬਿਆਨ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਇਹ ਆਸ ਪ੍ਰਗਟਾਈ ਜਾ ਰਹੀ ਹੈ ਕਿ ਪ੍ਰੋਵਿੰਸ ਵਿੱਚ 30 ਜੂਨ ਤੱਕ ਕੋਵਿਡ-19 ਦੇ ਮਾਮਲੇ 1000 ਤੋਂ ਕਿਤੇ ਘੱਟ ਰਹਿ ਜਾਣਗੇ। ਸਰਕਾਰ ਨੇ ਇਸ ਤੋਂ ਪਹਿਲਾਂ ਆਖਿਆ ਸੀ ਕਿ ਪਹਿਲਾਂ ਉਨ੍ਹਾਂ ਨੇ 14 ਜੂਨ ਨੂੰ ਰੀਓਪਨਿੰਗ ਦੇ ਪਹਿਲੇ ਪੜਾਅ ਵਿੱਚ ਦਾਖਲ ਹੋਣਾ ਸੀ ਪਰ ਇਸ ਦੀ ਥਾਂ ਉੱਤੇ ਰੀਓਪਨਿੰਗ 11 ਜੂਨ ਨੂੰ ਸ਼ੁਰੂ ਕੀਤੀ ਜਾ ਰਹੀ ਹੈ।

ਪ੍ਰੋਵਿੰਸ ਦੇ ਰਸਮੀ ਐਲਾਨ ਤੋਂ ਪਹਿਲਾਂ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਡਾਟਾ ਦਾ ਮੁਲਾਂਕਣ ਕਰਨ ਲਈ ਪ੍ਰੀਮੀਅਰ ਡੱਗ ਫੋਰਡ ਸੋਮਵਾਰ ਨੂੰ ਕੈਬਨਿਟ ਨਾਲ ਮੁਲਾਕਾਤ ਕਰਨਗੇ ਤੇ ਇਸ ਸਬੰਧ ਵਿੱਚ ਕੋਈ ਫੈਸਲਾ ਕੀਤਾ ਜਾਵੇਗਾ ਜਿਸਦੀ ਪੁਸ਼ਟੀ ਇਸ ਹਫਤੇ ਸਮੁੱਚੇ ਕੈਬਨਿਟ ਵੱਲੋਂ ਕੀਤੀ ਜਾਵੇਗੀ। ਪਰ ਇਸ ਤੋਂ ਕੁੱਝ ਘੰਟਿਆਂ ਬਾਅਦ ਹੀ ਫੈਸਲੇ ਨੂੰ ਸਰਕਾਰੀ ਤੌਰ ਉੱਤੇ ਐਲਾਨ ਦਿੱਤਾ ਗਿਆ।

ਪ੍ਰੀਮੀਅਰ ਆਫਿਸ ਅਨੁਸਾਰ ਓਨਟਾਰੀਓ ਨੇ 60 ਫੀ ਸਦੀ ਬਾਲਗ ਆਬਾਦੀ ਨੂੰ ਵੈਕਸੀਨੇਟ ਕਰਨ ਦਾ ਆਪਣਾ ਟੀਚਾ ਪੂਰਾ ਕਰ ਲਿਆ ਹੈ ਪਰ ਟੀਕਾ ਲਵਾਉਣ ਵਾਲਿਆਂ ਵਿੱਚ ਇਮਿਊਨਿਟੀ ਦਾ ਲੋੜੀਂਦਾ ਪੱਧਰ ਹਾਸਲ ਕਰਨ ਲਈ ਪ੍ਰੋਵਿੰਸ ਨੂੰ ਦੋ ਹਫਤੇ ਦਾ ਇੰਤਜ਼ਾਰ ਕਰਨਾ ਪੈਣਾ ਹੈ। 6 ਜੂਨ ਤੱਕ ਓਨਟਾਰੀਓ ਦੀ 72 ਫੀ ਸਦੀ 18 ਪਲੱਸ ਆਬਾਦੀ ਨੂੰ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲੱਗ ਚੁੱਕੀ ਹੈ। ਇਸ ਤੋਂ ਇਲਾਵਾ ਪ੍ਰੋਵਿੰਸ ਵਿੱਚ ਕੋਵਿਡ-19 ਦੇ ਨਵੇਂ ਮਾਮਲਿਆਂ ਵਿੱਚ ਵੀ ਕਮੀ ਦਰਜ ਕੀਤੀ ਗਈ ਹੈ।

ਪਹਿਲੇ ਪੜਾਅ ਵਿੱਚ ਓਨਟਾਰੀਓਂ ਆਊਟਡੋਰ ਗਤੀਵਿਧੀਆਂ ਉੱਤੇ ਲੱਗੀਆਂ ਪਾਬੰਦੀਆਂ ਹਟਾਵੇਗਾ। ਆਊਟਡੋਰ ਇੱਕਠੇ ਹੋਣ ਵਾਲੇ ਲੋਕਾਂ ਦੀ ਗਿਣਤੀ ਵਧਾ ਕੇ 10 ਕਰ ਦਿੱਤੀ ਜਾਵੇਗੀ, ਪੈਟੀਓਜ਼ ਨੂੰ ਖੋਲ੍ਹਿਆ ਜਾ ਸਕੇਗਾ ਤੇ ਸਖ਼ਤ ਹੱਦ ਤਹਿਤ ਗੈਰ ਜ਼ਰੂਰੀ ਰੀਟੇਲ ਵਿਖੇ ਇਨ ਪਰਸਨ ਸ਼ਾਪਿੰਗ ਦੀ ਵੀ ਖੁੱਲ੍ਹ ਦਿੱਤੀ ਜਾਵੇਗੀ।


Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

NOW HIRING
HIRING GRASS CUTTING AND CONSTRUCTION GENERAL LABOUR. FULL TIME WORK. PICK UP AND DROP OFF AVAILABLE. MUST BE PHYSICALLY FIT AND ABLE TO LIFT 50LBS.
CALL AMIT 647-784-1213

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
AvonFinancial
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Manindeer S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance
Walkie pallet
Electric Motor
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# 12 ਤੋਂ 17 ਸਾਲ ਦੇ ਬੱਚਿਆਂ ਦੇ ਟੀਕਾਕਰਣ ਲਈ ਆਪਣੀ ਵੈਕਸੀਨ ਦੀ ਵਰਤੋਂ ਵਾਸਤੇ ਮੌਡਰਨਾ ਨੇ ਹੈਲਥ ਕੈਨੇਡਾ ਤੋਂ ਮੰਗੀ ਇਜਾਜ਼ਤ

ਟੋਰਾਂਟੋ, 7 ਜੂਨ (ਪੋਸਟ ਬਿਊਰੋ) : ਡਰੱਗ ਨਿਰਮਾਤਾ ਕੰਪਨੀ ਮੌਡਰਨਾ ਨੇ ਕਿਸ਼ੋਰਾਂ ਦੇ ਟੀਕਾਕਰਣ ਲਈ ਆਪਣੀ ਕੋਵਿਡ-19 ਵੈਕਸੀਨ ਦੀ ਵਰਤੋਂ ਕਰਨ ਵਾਸਤੇ ਹੈਲਥ ਕੈਨੇਡਾ ਤੋਂ ਇਜਾਜ਼ਤ ਮੰਗੀ ਹੈ।



ਸੋਮਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਕੰਪਨੀ ਨੇ ਆਖਿਆ ਕਿ ਪਿਛਲੇ ਮਹੀਨੇ ਅਮਰੀਕਾ ਵਿੱਚ ਕੀਤੇ ਗਏ ਕਲੀਨਿਕਲ ਟ੍ਰਾਇਲ ਦੇ ਨ਼ਤੀਜਿਆਂ ਤੋਂ ਸਾਹਮਣੇ ਆਇਆ ਹੈ ਕਿ ਦੋ ਸ਼ੌਟਸ ਵਿੱਚ ਦਿੱਤੀ ਜਾਣ ਵਾਲੀ ਉਨ੍ਹਾਂ ਦੀ ਵੈਕਸੀਨ 12 ਤੋਂ 17 ਸਾਲ ਦਰਮਿਆਨ ਬੱਚਿਆਂ ਲਈ ਕਾਫੀ ਅਸਰਦਾਰ ਹੈ। ਮੌਡਰਨਾ ਵੈਕਸੀਨ ਲਵਾਉਣ ਵਾਲਿਆਂ ਵਿੱਚ ਕੋਵਿਡ-19 ਦਾ ਕੋਈ ਮਾਮਲਾ ਨਹੀਂ ਪਾਇਆ ਗਿਆ। ਕੰਪਨੀ ਨੇ ਇਹ ਵੀ ਦਾਅਵਾ ਕੀਤਾ ਕਿ ਜਿਨ੍ਹਾਂ 2500 ਕਿਸੋਰਾਂ ਉੱਤੇ ਮੁੱਢਲਾ ਟ੍ਰਾਇਲ ਕੀਤਾ ਗਿਆ ਸੀ ਉਨ੍ਹਾਂ ਦੇ ਨਤੀਜੇ 100 ਫੀ ਸਦੀ ਰਹੇ ਤੇ ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਹੋਈ।

ਇਸ ਤੋਂ ਇਲਾਵਾ ਕੰਪਨੀ ਨੇ ਆਖਿਆ ਕਿ ਕੋਵਿਡ-19 ਜਾਂਚ ਵਿੱਚ ਨੈਗੇਟਿਵ ਪਾਏ ਗਏ ਕਿਸ਼ੋਰਾਂ ਵਿੱਚ ਪਹਿਲੀ ਡੋਜ਼ ਤੋਂ ਦੋ ਹਫਤੇ ਬਾਅਦ ਕੀਤੇ ਗਏ ਵੈਕਸੀਨ ਦੇ ਟ੍ਰਾਇਲ ਦਾ ਅਸਰ 93 ਫੀ ਸਦੀ ਪਾਇਆ ਗਿਆ। ਮੌਡਰਨਾ ਨੇ ਆਖਿਆ ਕਿ ਵੈਕਸੀਨ ਸੇਫਟੀ ਪੱਖੋਂ ਵੀ ਸਹੀ ਹੈ ਤੇ ਇਸ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ। ਮੌਡਰਨਾ ਇਨਕਾਰਪੋਰੇਸ਼ਨ ਦੀ ਕੈਨੇਡੀਅਨ ਜਨਰਲ ਮੈਨੇਜਰ ਪੈਟ੍ਰਿਸ਼ੀਆ ਗੌਥੀਅਰ ਨੇ ਆਖਿਆ ਕਿ ਮੌਡਰਨਾ ਵੱਲੋ ਕਿਸ਼ੋਰਾਂ ਨੂੰ ਵੈਕਸੀਨੇਟ ਕਰਨ ਲਈ ਹੈਲਥ ਕੈਨੇਡਾ ਕੋਲੋਂ ਇਜਾਜ਼ਤ ਮੰਗਣਾ ਚੰਗੀ ਗੱਲ ਹੈ ਕਿਉਂਕਿ ਇਸ ਨਾਲ ਕੈਨੇਡਾ ਦੇ ਪਬਲਿਕ ਵੈਕਸੀਨੇਸ਼ਨ ਟੀਚੇ ਹੀ ਪੂਰੇ ਹੋਣਗੇ।

ਜਮ੍ਹਾਂ ਕਰਵਾਏ ਗਏ ਅਧਿਐਨ ਵਿੱਚ ਲਿਖਿਆ ਗਿਆ ਕਿ ਮੌਡਰਨਾ ਦੀ ਕੋਵਿਡ-19 ਵੈਕਸੀਨ ਦੇ ਦੋ ਤਿਹਾਈ ਜਮ੍ਹਾਂ ਕਰਵਾਏ ਗਏ ਨਤੀਜਿਆਂ ਤੋਂ ਸਾਹਮਣੇ ਆਇਆ ਹੈ ਕਿ ਮੌਡਰਨਾ ਦੀ ਕੋਵਿਡ-19 ਵੈਕਸੀਨ, ਕੋਵਿਡ-19 ਤੇ ਸਾਰਸ-ਕੋਵੀ-2 ਇਨਫੈਕਸ਼ਨ ਨੂੰ 12 ਤੋਂ 17 ਸਾਲ ਦੇ ਕਿਸ਼ੋਰਾਂ ਵਿੱਚ ਰੋਕਣ ਵਿੱਚ ਕਾਰਗਰ ਰਹੀ ਹੈ।

# ਲਾਰੈਂਸ ਬਿਸ਼ਨੋਈ ਦੇ ਨਾਂਅ ਉੱਤੇ ਵਸੂਲੀ ਦੇ ਮਾਸਟਰਮਾਈਂਡ ਲੱਕੀ ਤੇ ਗਗਨ ਮਲੂਜਾ ਕਾਬੂ

ਮਲੋਟ, 7 ਜੂਨ (ਪੋਸਟ ਬਿਊਰੋ)- ਪਿਛਲੇ ਦਿਨੀਂ ਮਲੋਟ ਦੇ ਇੱਕ ਕਾਰੋਬਾਰੀ ਕੋਲੋਂ ਲਾਰੇਂਸ ਬਿਸ਼ਨੋਈ ਦੇ ਨਾਂ ਉੱਤੇ ਡੇਢ ਕਰੋੜ ਰੁਪਏ ਦੀ ਫਿਰੌਤੀ ਮੰਗਣ ਦੇ ਦੋਸ਼ ਵਿੱਚ ਪੁਲਸ ਨੇ ਮਾਸਟਰਮਾਈਂਡ ਅਤੇ ਉਸਦੇ ਸਾਥੀ ਨੂੰ ਕਾਬੂ ਕਰ ਲਿਆ ਹੈ, ਜਿਸ ਨਾਲ ਮਾਮਲੇ ਲਈ ਨਾਮਜ਼ਦ ਚਾਰੇ ਦੋਸ਼ੀ ਪੁਲਸ ਦੀ ਗ੍ਰਿਫ਼ਤ ਵਿੱਚ ਆ ਗਏ ਹਨ।



ਵਰਨਣ ਯੋਗ ਹੈ ਕਿ 24 ਮਈ ਨੂੰ ਇਸ ਸ਼ਹਿਰ ਦੇ ਇੱਕ ਕਾਰੋਬਾਰੀ ਕੋਲੋਂ ਧਮਕੀ ਪੱਤਰ ਰਾਹੀਂ ਗੈਂਗਸਟਰ ਲਾਂਰੇਸ ਬਿਸ਼ਨੋਈ ਦੇ ਨਾਮ ਉੱਤੇ ਡੇਢ ਕਰੋੜ ਰੁਪਏ ਫਿਰੌਤੀ ਮੰਗੀ ਗਈ ਸੀ। ਇਸ ਬਾਰੇ ਸਿਟੀ ਥਾਣਾਮਲੋਟ ਵਿੱਚ ਕੇਸ ਦਰਜ ਕੀਤਾਗਿਆ ਅਤੇ ਦੋਸ਼ੀਆਂ ਵੱਲੋਂ ਦੱਸੀ ਥਾਂ ਅਬੋਹਰ ਟਰੱਕ ਯੂਨੀਅਨ ਮੂਹਰੇ ਪੁਲਸ ਟੀਮ ਨੇ ਟਰੈਪ ਲਾਇਆ ਸੀ, ਪਰ ਦੋਸ਼ੀ ਫਿਰੌਤੀ ਲੈਣ ਨਹੀਂ ਪੁੱਜੇ। ਇਸ ਤੋਂ ਬਾਅਦ ਦੋਸ਼ੀਆਂ ਨੇ ਦੂਜੀ ਵਾਰ ਮੰਗੀ ਰਕਮ ਕਾਰ ਵਿੱਚ ਰੱਖ ਕੇ ਬਠਿੰਡਾ ਰੋਡ ਉੱਤੇ ਭੇਜਣ ਲਈ ਕਿਹਾ ਤਾਂ ਸੀ ਆਈ ਏ ਮੁਕਤਸਰ ਸਾਹਿਬ ਦੀ ਪੁਲਸ ਟੀਮ ਨੇ ਟਰੈਪ ਲਾਕੇ ਫਿਰੌਤੀ ਲੈਣ ਆਏ ਦੋ ਦੋਸ਼ੀਆਂ ਗੁਰਮੇਲ ਸਿੰਘ ਮਿਸਤਰੀ ਅਤੇ ਰਮਨ ਬਾਵਾ ਪੁੱਤਰ ਜੱਜ ਬਾਵਾ ਵਾਸੀ ਗਲੀ ਨੰਬਰ ਤਿੰਨ ਸੱਚਾ ਸੌਦਾ ਰੋਡ ਮਲੋਟ ਨੂੰ ਫੜ ਲਿਆ ਸੀ। ਦੋਸ਼ੀਆਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਇਸ ਮਾਮਲੇ ਦੇ ਮਾਸਟਰ ਮਾਈਂਡ ਉਨ੍ਹਾਂ ਦੀ ਗਲੀ ਦੇ ਹੀ ਲਖਬੀਰ ਸਿੰਘ ਅਤੇ ਗਗਨ ਮਲੂਜਾ ਪੁੱਤਰ ਵਰਿੰਦਰ ਮਲੂਜਾ ਵਾਸੀ ਜੰਡਵਾਲਾ ਚੜ੍ਹਤ ਸਿੰਘ ਹਨ। ਸੀ ਆਈ ਏ ਸਟਾਫ ਦੀ ਟੀਮ ਅਤੇ ਮਲੋਟ ਪੁਲਸ ਨੇ ਕੱਲ੍ਹ ਸ਼ਾਮ ਲੱਕੀ ਅਤੇ ਗਗਨ ਕਾਬੂ ਕਰ ਲਿਆ ਅਤੇ ਜੱਜ ਸ਼ਿਵਾਨੀ ਸਾਂਗਰ ਦੀ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਨੇ ਦੋਸ਼ੀਆਂ ਦਾ ਦੋ ਦਿਨ ਦਾ ਪੁਲਸ ਰਿਮਾਂਡ ਦਿੱਤਾ ਹੈ।

# ਕਸ਼ਮੀਰ ਵਿੱਚ ਚੈਰੀ ਦੀ 'ਬੰਪਰ ਫਸਲ', ਉਤਪਾਦਕਾਂ ਨੂੰ ਮੋਟੇ ਮੁਨਾਫੇ ਦੀ ਉਮੀਦ

ਸ਼੍ਰੀਨਗਰ, 7 ਜੂਨ (ਪੋਸਟ ਬਿਊਰੋ)- ਗਰਮੀਆਂ ਦੇ ਫਲਾਂ ਦੇ ਮੌਸਮ ਦੀ ਸ਼ੁਰੂਆਤ ਜੰਮੂ ਅਤੇ ਕਸ਼ਮੀਰ ਵਿੱਚ ਅਨਲਾਕ ਪ੍ਰਕਿਰਿਆ ਨਾਲ ਹੋਈ ਹੈ। ਇਸ ਵਾਰ ਚੈਰੀ ਦੀ ਬੰਪਰ ਫਸਲ ਕਾਰਨ ਕਸ਼ਮੀਰ ਦੇ ਕਿਸਾਨਾਂ ਨੂੰ ਵੱਧ ਮੁਨਾਫੇ ਦੀ ਆਸ ਹੈ। ਪਿਛਲੇ ਸਾਲ ਲੰਬੇ ਲਾਕਡਾਊਨ ਨਾਲ ਉਨ੍ਹਾਂ ਨੂੰ ਬਹੁਤ ਨੁਕਸਾਨ ਝੱਲਣਾ ਪਿਆ ਸੀ। ਇਸ ਵਾਰ ਚੈਰੀ ਉਹ ਜਲਦੀ ਹੋਰ ਰਾਜਾਂ ਵਿੱਚ ਇਹ ਫਲ ਭੇਜਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂਕਿ ਫਸਲ ਬਰਾਬਾਦ ਨਾ ਹੋ ਸਕੇ।

ਕਸ਼ਮੀਰ ਘਾਟੀ ਸੇਬ ਤੇ ਬੇਹਿਤਰੀਨ ਅਖਰੋਟਾਂ ਲਈ ਦੁਨੀਆ ਭਰ ਵਿੱਚ ਮਸ਼ਹੂਰ ਹੈ, ਪਰ ਇਥੇ ਦੀ ਸਵਾਦਿਸ਼ਟ ਚੈਰੀ ਦੀ ਗੱਲ ਹੀ ਹੋਰ ਹੈ। ਕਸ਼ਮੀਰ ਵਿੱਚ ਚੈਰੀ ਦੀਆਂ ਚਾਰ ਕਿਸਮਾਂਡਬਲ, ਮਖਮਲੀ, ਮਿਸ਼ਰੀ ਅਤੇ ਇਟਲੀ ਉਗਾਈ ਜਾਂਦੀ ਹੈ। ਚੈਰੀ ਦੀ ਫਸਲ ਦੀ ਕਟਾਈ ਦਾ ਮੌਸਮ ਮੱਧ ਮਈ ਤੋਂ ਸ਼ੁਰੂ ਹੁੰਦਾ ਅਤੇ ਜੁਲਾਈ ਦੇ ਪਹਿਲੇ ਹਫ਼ਤੇ ਤਕ ਖ਼ਤਮ ਹੋ ਜਾਂਦਾ ਹੈ। ਗੌਰਤਲਬ ਹੈ ਕਿ ਕਸ਼ਮੀਰ ਵਿੱਚ ਹਰ ਸਾਲ 12,000 ਮੀਟ੍ਰਿਕ ਟਨ ਚੈਰੀ ਉਗਾਈ ਜਾਂਦੀ ਹੈ।

ਬਾਗਬਾਨੀ ਵਿਭਾਗ ਦੇ ਡਾਇਰੈਕਟਰ ਇਜਾਜ ਅਹਿਮਦ ਭੱਟ ਨੇ ਦੱਸਿਆ ਕਿ ਚੈਰੀ ਉਤਪਾਦਕਾਂ ਦੇ ਲਈ ਜੰਮੂ-ਕਸ਼ਮੀਰ ਸਰਕਾਰ ਨੇ ਹਰ ਤਰ੍ਹਾਂ ਦੀ ਵਿਵਸਥਾ ਕੀਤੀ ਹੈ ਤਾਂ ਕਿ ਉਨ੍ਹਾਂ ਨੂੰ ਕੋਰੋਨਾ ਮਹਾਮਾਰੀ ਦੌਰਾਨ ਕਸ਼ਮੀਰ ਦੇ ਬਾਹਰ ਫਲ ਭੇਜਣ ਵਿੱਚ ਕੋਈ ਪ੍ਰੇਸ਼ਾਨੀ ਨਾ ਹੋਵੇ। ਉਨ੍ਹਾਂ ਕਿਹਾ ਕਿ ਸਰਕਾਰ ਚੈਰੀ ਦੇ ਲਈ ਹਵਾਈ ਮਾਲ ਕਿਰਾਏ ਉੱਤੇ ਸਬਸਿਡੀ ਦਾ ਐਲਾਨ ਪਹਿਲਾਂ ਹੀ ਕਰ ਚੁੱਕੀ ਹੈ। ਬਾਗਬਾਨੀ ਵਿਭਾਗ ਕਸ਼ਮੀਰ ਤੋਂ ਦੇਸ਼ ਵਿੱਚ ਫਲ ਭੇਜਣ ਦੇ ਲਈ ਗੋਇਅਰ ਦੇ ਨਾਲ ਇੱਕ ਐਮ ਓ ਯੂ ਉਤੇ ਦਸਤਖ਼ਤ ਕਰ ਚੁੱਕਾ ਹੈ।


SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936





Jas Toor
Sales Repersentative
Sutton Group-Realty Experts Brokerage*
Independently Owned and Operated.
Call Now: (647)-242-8667
Email- RealtorJasToor@gmail.com
Jagdish Grewal
Sales Repersentative
President Realty Inc Brokerage*
Independently Owned and Operated.
Call Now: (416)-970-5005
Email- Jagdish@grewalhomes.com



Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

Free Market Evaluation
-Buy
-Sell
-Invest
Call Now:(647) 242-8667
(416) 970-5005

## ਅੱਜ ਨਾਮਾ >>

ਕਹਿੰਦੇ ਠੱਗਾਂ ਦੇ ਕੋਈ ਨਹੀਂ ਹਲ਼ ਵਗਦੇ,
ਜਿੱਧਰ ਦਾਅ ਲੱਗਦੈ ਜਾਂਦੇ ਈ ਲਾ ਬੇਲੀ।
ਖਬਰ ਏਹੋ ਜਿਹੀ ਇੱਕ ਆ ਅਸਲ ਤਾਜ਼ੀ,
ਗਈ ਹੈ ਜਿਹੜੀ ਹਰਿਆਣੇ ਤੋਂ ਆ ਬੇਲੀ।
ਅਠੱਤਰ ਗਜ਼ਾਂ ਦਾ ਸਿਰਫ ਪਲਾਟ ਸੀਗਾ,
ਰੇਲਵੇ ਲਾਈਨ ਓਥੋਂ ਰਹੀ ਸੀ ਜਾ ਬੇਲੀ।
ਹਫਤੇ ਅੰਦਰ ਫਿਰ ਡੇਢ ਸੌ ਬਣੇ ਮਾਲਕ,
ਮੁਆਵਜ਼ਾ ਕਰੋੜਾਂ ਦਾ ਲਿਆ ਬਣਾ ਬੇਲੀ।
ਹੋਈ ਪੜਤਾਲ ਤਾਂ ਖੁੱਲ੍ਹ ਗਈ ਗੱਲ ਸਾਰੀ,
ਸਾਬਤ ਅਫਸਰ ਵੀ ਹੋਏ ਹਨ ਠੱਗ ਬੇਲੀ।
ਮਾੜੇ-ਧੀੜੇ ਦੀ ਫੜੀ ਗਈ ਭੀੜ ਤਕੜੀ,
ਚੱਲਿਆ ਜੇਲ੍ਹ ਵਿੱਚ ਅਫਸਰੀ ਵੱਗ ਬੇਲੀ।

**ਤੀਸ ਮਾਰ ਖਾਂ**

# ਵੈਕਸੀਨ ਸਕੈਂਡਲ ਵਿਰੁੱਧ ਅਕਾਲੀ ਦਲ ਵੱਲੋਂ ਸਿਹਤ ਮੰਤਰੀ ਸਿੱਧੂ ਦੇ ਘਰ ਅੱਗੇ ਧਰਨਾ

* ਸੁਖਬੀਰ ਅਤੇ ਹੋਰਨਾਂਉੱਤੇਕੋਵਿਡ ਨਿਯਮਾਂ ਦੀ ਉਲੰਘਣਾ ਦਾ ਕੇਸ ਦਰਜ



ਮੋਹਾਲੀ, 7 ਜੂਨ, (ਪੋਸਟ ਬਿਊਰੋ)- ਅਕਾਲੀ ਦਲ ਦੇ ਆਗੂਆਂ ਅਤੇ ਆਮ ਆਦਮੀ ਪਾਰਟੀ ਵਾਲਿਆਂ ਵੱਲੋਂ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੇ ਘਰ ਅੱਗੇ ਰੋਸ ਧਰਨਾ ਦੇਣ ਤੇ ਪੰਜਾਬ ਵਿੱਚ ਕੋਰੋਨਾ ਵੈਕਸੀਨ ਦੀ ਮਹਿੰਗੇ ਭਾਅ ਪ੍ਰਾਈਵੇਟ ਹਸਪਤਾਲਾਂ ਨੂੰ ਸਪਲਾਈ ਕਰਨ ਵਿਰੁੱਧ ਰੋਸ ਪ੍ਰਗਟ ਕਰਨ ਕਰ ਕੇ ਮੋਹਾਲੀ ਪੁਲਿਸ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਕਾਲੀ ਵਿਧਾਇਕਾਂ, ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਹੋਰ ਆਗੂਆਂ ਦੇ ਨਾਲ ਕਰੀਬ 150 ਅਣਪਛਾਤੇ ਲੋਕਾਂ ਦੇ ਖ਼ਿਲਾਫ਼ ਕੋਰੋਨਾ ਨਿਯਮਾਂ ਦੀ ਉਲੰਘਣਾ ਦਾ ਕੇਸ ਦਰਜ ਕਰ ਲਿਆ ਹੈ।

ਵਰਨਣ ਯੋਗ ਹੈ ਕਿ ਬੀਤੇ ਐਤਵਾਰ ਮੋਹਾਲੀ ਵਿੱਚ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੇ ਖ਼ਿਲਾਫ਼ ਆਮ ਆਦਮੀ ਪਾਰਟੀ ਨੇ ਧਰਨਾ ਦਿੱਤਾ ਸੀ ਅਤੇ ਅੱਜ ਸੋਮਵਾਰ ਅਕਾਲੀ ਦਲ ਨੇ ਸਿਹਤ ਮੰਤਰੀ ਸਿੱਧੂ ਖ਼ਿਲਾਫ਼ ਮੋਹਾਲੀ ਵਿੱਚ ਰੈਲੀ ਕੀਤੀ ਸੀ, ਜਿਸ ਵਿੱਚ ਸਾਬਕਾ ਡਿਪਟੀਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਸ਼ਾਮਲ ਸਨ। ਉਨ੍ਹਾਂ ਨੇ ਇਸ ਕਾਂਡ ਦੀ ਜਾਂਚ ਕਰਨ ਅਤੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਤੇ ਸੰਬੰਧਤ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

ਇਸ ਤੋਂ ਇੱਕ ਦਿਨ ਪਹਿਲਾਂ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਪੁਲਸ ਦੇ ਡੀਜੀਪੀ ਨੂੰ ਇਸ ਤਰ੍ਹਾਂ ਦੇ ਕੇਸ ਵਿੱਚ ਕੋਵਿਡ-19 ਦੇ ਨਿਯਮਾਂ ਦੀ ਉਲੰਘਣਾ ਉੱਤੇ ਕਾਰਵਾਈ ਕਰਨ ਵਾਸਤੇ ਹੁਕਮ ਦਿੱਤੇ ਸਨ, ਜਿਸ ਤੋਂ ਬਾਅਦ ਅੱਜ ਸੋਮਵਾਰ ਸ਼ਾਮ ਨੂੰ ਬੀ ਡੀ ਓ ਹਿਤੇਨ ਕਪਿਲਾ ਦੀ ਸ਼ਿਕਾਇਤ ਉੱਤੇਕੇਸ ਦਰਜ ਕੀਤਾ ਗਿਆ ਹੈ। ਇਸ ਸੰਬੰਧ ਵਿੱਚ ਆਮ ਆਦਮੀ ਪਾਰਟੀ ਦੀ ਵਿਧਾਇਕ ਤੇਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਉੱਪ ਨੇਤਾ ਸਰਬਜੀਤ ਕੌਰ, ਰੋਪੜ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ, ਗੜ੍ਹਸ਼ੰਕਰ ਤੋਂ ਵਿਧਾਇਕ ਜੈ ਕਿਸ਼ਨ ਸਿੰਘ ਰੋੜੀ, ਯੂਥ ਵਿੰਗ ਪ੍ਰਧਾਨ ਅਨਮੋਲ ਗਗਨ ਮਾਨਅਤੇ ਹੋਰਨਾਂ ਦੇ ਖ਼ਿਲਾਫ਼ ਬਾਕਾਇਦਾ ਕੇਸ ਦਰਜ ਕੀਤਾ ਗਿਆ ਹੈ।

ਦੂਸਰੇ ਪਾਸੇ ਅਕਾਲੀ ਦਲ ਦੇ ਧਰਨੇ ਕਾਰਨ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਆਨੰਦਪੁਰ ਸਾਹਿਬ ਤੋਂ ਸਾਬਕਾ ਪਾਰਲੀਮੈਂਟ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਵਿਧਾਇਕ ਸ਼ਰਨਜੀਤ ਸਿੰਘ ਢਿੱਲੋਂ, ਵਿਧਾਇਕ ਐੱਨ ਕੇ ਸ਼ਰਮਾ, ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ, ਜਨਮੇਜਾ ਸਿੰਘ ਸੇਖੋਂ, ਵਿਰਸਾ ਸਿੰਘ ਵਲਟੋਹਾ,ਹੀਰਾ ਸਿੰਘ ਗਾਬੜੀਆ, ਸੁਰਜੀਤ ਸਿੰਘ ਰੱਖੜਾ ਤੇ ਵਿਧਾਇਕ ਪਵਨ ਟੀਨੂ, ਸੁਖਵਿੰਦਰ ਸਿੰਘ ਸੁੱਖੀ, ਗੁਰਪ੍ਰਤਾਪ ਸਿੰਘ ਵਡਾਲਾ, ਗੁਰਬਚਨ ਸਿੰਘ ਬੱਬੇਹਾਲੀ, ਸਾਬਕਾ ਵਿਧਾਇਕ ਬਲਦੇਵ ਸਿੰਘ ਆਦਿ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਜਦੋਂ ਆਮ ਲੋਕ ਵਿਆਹਾਂ ਤੇ ਅੰਤਮ ਸਸਕਾਰਾਂ ਮੌਕੇ ਵੀ ਇਕੱਠੇ ਨਹੀਂ ਹੋ ਸਕਦੇ ਤਾਂ ਇਨ੍ਹਾਂ ਆਗੂਆਂ ਤੇ ਵਰਕਰਾਂ ਦਾ ਵਿਹਾਰ ਦੱਸਦਾ ਹੈ ਕਿ ਉਨ੍ਹਾਂ ਨੂੰ ਲੋਕਾਂ ਦੀ ਸਿਹਤ ਸੁਰੱਖਿਆ ਦੀ ਚਿੰਤਾ ਨਹੀਂ।ਆਮ ਆਦਮੀ ਪਾਰਟੀ ਦੇ ਧਰਨੇ ਨੂੰ ਰਾਜਵਿੱਚ ਲਾਗੂ ਵੀਕੈਂਡ ਕਰਫਿਊ ਦੀ ਉਲੰਘਣਾ ਕਰਾਰ ਦਿੰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਧਰਨੇ ਤੇ ਸਿਆਸੀ ਇਕੱਠ ਮਹਾਂਮਾਰੀ ਦੇ ਵੱਡੇ ਪੱਧਰ ਉਤੇ ਫੈਲਣ ਦਾ ਕਾਰਨ ਬਣ ਸਕਦੇ ਹਨ। ਉਨ੍ਹਾਂ ਨੇ ਪੁਲਸ ਦੇ ਮੁਖੀ (ਡੀਜੀਪੀ) ਨੂੰ ਕਿਹਾ ਕਿ ਕਾਨੂੰਨ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ।ਮੁੱਖ ਮੰਤਰੀ ਨੇ ਦੁਹਰਾਇਆ ਕਿ ਇਹ ਸਮਾਂ ਸਿਆਸੀ ਖੇਡਾਂ ਖੇਡਣ ਤੇ ਸਿਆਸੀ ਹਥਕੰਡੇ ਵਰਤਣ ਦਾ ਨਹੀਂ, ਮਹਾਮਾਰੀ ਵਿਰੁੱਧਮਿਲ ਕੇ ਲੜਨ ਦਾ ਹੈ।ਉਨ੍ਹਾਂ ਨੇ ਮਹਾਂਮਾਰੀ ਦੀ ਦੂਸਰੀ ਲਹਿਰ ਰੋਕਣ ਲਈ ਪਾਬੰਦੀਆਂ ਲਾਉਣ ਤੋਂ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਪੰਜਾਬ ਵਿੱਚ ਸੱਤਾਧਾਰੀ ਕਾਂਗਰਸ ਕੋਈ ਸਿਆਸੀ ਇਕੱਠ ਨਹੀਂ ਕਰੇਗੀ।

## ਦੇਸ਼ ਦੇ ਨਾਮ ਮੋਦੀ ਦਾ ਸੰਦੇਸ਼:

# ਕੋਰੋਨਾ ਤੋਂ ਬਚਾਅ ਲਈ ਸਭ ਦਾ ਇੱਕੋ ਕਵਚ ਵੈਕਸੀਨ



ਨਵੀਂ ਦਿੱਲੀ, 7 ਜੂਨ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਦੀ ਮਹਾਮਾਰੀ ਦੇ ਹਾਲਾਤ ਬਾਰੇ ਅੱਜ ਸੋਮਵਾਰ ਭਾਰਤਦੇਲੋਕਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੋਰੋਨਾ ਦੀ ਦੂਸਰੀ ਲਹਿਰ ਨਾਲ ਦੇਸ਼ ਦੀ ਜੰਗਅਜੇ ਜਾਰੀ ਹੈ।ਉਨ੍ਹਾਂ ਕਿਹਾ ਕਿ ਦੁਨੀਆ ਦੇ ਕਈ ਦੇਸ਼ਾਂ ਵਾਂਗ ਭਾਰਤ ਪਿਛਲੇ ਸਮੇਂ ਵਿੱਚ ਬਹੁਤ ਵੱਡੇ ਦਰਦਤੋਂ ਲੰਘਿਆ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਕੋਰੋਨਾ ਤੋਂ ਬਚਾਅ ਲਈ ਮਾਸਕ ਪਹਿਨੋ, ਦੋ ਗਜ਼ ਦੀ ਦੂਰੀ ਬੇਹੱਦ ਜ਼ਰੂਰੀ ਹੈ ਅਤੇ ਇਸ ਅਣਦਿੱਸਦੇ ਦੁਸ਼ਮਣ ਕੋਰੋਨਾ ਵਾਇਰਸ ਦੇ ਨਾਲ ਸਾਡੀ ਲੜਾਈ ਜਾਰੀ ਰਹੇਗੀ।

ਇਸ ਭਾਸ਼ਣ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ;'ਕੋਰੋਨਾ ਨਾਲ ਲੜਨ ਲਈ ਵੈਕਸੀਨ ਸਭ ਤੋਂ ਵੱਡਾ ਸੁਰੱਖਿਆ ਕਵਚ ਹੈ, ਜੇ ਸਾਡੇ ਕੋਲ ਵੈਕਸੀਨ ਨਾ ਹੁੰਦੀ ਤਾਂਭਾਰਤ ਵਰਗੇ ਵੱਡੇ ਦੇਸ਼ਦਾ ਕੀ ਹੁੰਦਾ? ਅੱਜ ਪੂਰੇ ਦੇਸ਼ ਵਿਚ ਵੈਕਸੀਨ ਦੀ ਮੰਗ ਮੁਤਾਬਕ ਉਤਪਾਦਨ ਕਰਨ ਵਾਲੇ ਦੇਸ਼ ਤੇ ਵੈਕਸੀਨ ਬਣਾਉਣ ਵਾਲੀਆਂ ਕੰਪਨੀਆਂ ਬਹੁਤ ਘੱਟ ਹਨ, ਪਰ ਭਾਰਤੀ ਵਿਗਿਆਨੀਆਂ ਨੇ ਸਾਬਤ ਕਰ ਦਿੱਤਾ ਕਿ ਭਾਰਤ ਵੱਡੇ-ਵੱਡੇ ਦੇਸ਼ਾਂ ਤੋਂ ਪਿੱਛੇ ਨਹੀਂ। ਅੱਜਤੱਕ 23 ਕਰੋੜ ਤੋਂ ਵੱਧ ਲੋਕਾਂ ਨੂੰ ਵੈਕਸੀਨ ਦੀ ਡੋਜ਼ ਮਿਲ ਚੁੱਕੀ ਹੈ।' ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਰੇਸ਼ੱਕਪਾਸੇ ਕਰ ਕੇ ਭਾਰਤ ਨੇ ਇੱਕੋ ਸਾਲ ਵਿੱਚ ਇੱਕ ਨਹੀਂ, ਦੋ 'ਮੇਡ ਇਨ ਇੰਡੀਆ' ਵੈਕਸੀਨ ਲਾਂਚ ਕੀਤੀਆਂ ਤੇ ਤਿੰਨ ਹੋਰ ਵੈਕਸੀਨ ਦਾ ਟਰਾਇਲ ਐਡਵਾਂਸ ਸਟੇਜ ਉੱਤੇ ਹੈ ਅਤੇ 7 ਕੰਪਨੀਆਂਵੱਖ-ਵੱਖ ਵੈਕਸੀਨ ਬਣਾ ਰਹੀਆਂ ਹਨ।ਭਾਰਤ ਲਗਾਤਾਰ ਜੋ ਕੋਸ਼ਿਸ਼ ਅਤੇ ਮਿਹਨਤ ਕਰ ਰਿਹਾ ਹੈ, ਉਸ ਨਾਲ ਅਗਲੇ ਦਿਨਾਂ ਵਿਚ ਵੈਕਸੀਨ ਦੀ ਸਪਲਾਈ ਹੋਰ ਵੀ ਵੱਧ ਹੋਣ ਵਾਲੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਵਿੱਚ ਘੱਟਹੁੰਦੇ ਕੋਰੋਨਾ ਦੇ ਕੇਸਾਂਦੌਰਾਨ ਕੇਂਦਰ ਸਰਕਾਰ ਦੇ ਸਾਹਮਣੇ ਵੱਖ-ਵੱਖ ਸੁਝਾਅ ਆਉਣ ਲੱਗ ਤੇਵੱਖ-ਵੱਖ ਮੰਗਾਂ ਹੋਣ ਲੱਗੀਆਂ ਹਨ।ਬੀਤੇ 16 ਜਨਵਰੀ ਤੋਂ ਅਪ੍ਰੈਲ ਦੇ ਅੰਤ ਤੱਕ ਭਾਰਤ ਦਾ ਵੈਕਸੀਨ ਪ੍ਰੋਗਰਾਮ ਕੇਂਦਰ ਸਰਕਾਰ ਦੀ ਅੱਖ ਹੇਠ ਚੱਲਿਆ ਹੈ ਤੇ ਅੱਗੋਂ ਅਸੀਂ ਰਾਜਾਂ ਨੂੰ ਮੁਫ਼ਤ ਵੈਕਸੀਨ ਦੇਵਾਂਗੇ,ਰਾਜਾਂ ਨੂੰ ਇਸਦਾ ਕੋਈ ਖਰਚ ਨਹੀਂ ਕਰਨਾ ਹੋਵੇਗਾ।ਉਨ੍ਹਾਂ ਕਿਹਾ ਕਿ 18 ਸਾਲ ਤੋਂ ਉਪਰ ਵਾਲੇ ਸਾਰੇ ਲੋਕਾਂ ਨੂੰ ਮੁਫ਼ਤ ਵੈਕਸੀਨ ਲੱਗੇਗੀ। ਪ੍ਰਾਈਵੇਟ ਹਸਪਤਾਲ, ਵੈਕਸੀਨ ਦੀ ਤੈਅ ਕੀਮਤ ਮੁਤਾਬਕ ਇਕ ਡੋਜ਼ ਉੱਤੇ 150 ਰੁਪਏ ਹੀ ਸਰਵਿਸ ਚਾਰਜ ਲੈ ਸਕਣਗੇ। ਇਸ ਦੀ ਨਿਗਰਾਨੀ ਕਰਨ ਦਾ ਕੰਮ ਰਾਜ ਸਰਕਾਰਾਂ ਕਰਨਗੀਆਂ।

## ਜੰਮੂ-ਕਸ਼ਮੀਰ ਵਿੱਚ 7,923 ਬੰਕਰ ਬਣਾਏ, ਖਤਰੇ ਸਮੇਂ ਲੋਕ ਜ਼ਮੀਨ ਹੇਠਾਂ ਰਹਿ ਸਕਣਗੇ



ਜੰਮੂ, 7 ਜੂਨ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਸਰਹੱਦੀ ਖੇਤਰਾਂ ਦੇ ਲੋਕ ਖਤਰਾ ਹੋਣ ਉੱਤੇ ਜ਼ਮੀਨ ਹੇਠਾਂ ਰਹਿ ਸਕਣਗੇ। ਕੰਟਰੋਲ ਲਾਈਨ ਅਤੇ ਕੌਮਾਂਤਰੀ ਸਰਹੱਦ ਦੇ ਆਸ-ਪਾਸ 7,923 ਜ਼ਮੀਨਦੋਜ ਬੰਕਰ ਬਣਾਉਣ ਦਾ ਕੰਮ ਪੂਰਾ ਹੋ ਗਿਆ ਹੈ, ਜਿਸ ਤੋਂ ਆਮ ਲੋਕ ਖੁਸ਼ ਦੱਸੇ ਜਾ ਰਹੇ ਹਨ।

ਅਧਿਕਾਰੀਆਂ ਅਨੁਸਾਰ ਕੇਂਦਰ ਨੇ ਜੰਮੂ, ਕਠੂਆ ਅਤੇ ਸਾਂਬਾ ਵਿੱਚ ਕੌਮਾਂਤਰੀ ਸਰਹੱਦ ਅਤੇ ਪੁੰਛ ਤੇ ਰਾਜੌਰੀ ਵਿੱਚ ਕੌਮਾਂਤਰੀ ਸਰਹੱਦ ਲਾਗਲੇ ਪਿੰਡਾਂ ਦੇ ਲੋਕਾਂ ਲਈ 14,460 ਸਿੰਗਲ ਤੇ ਸਾਂਝੇ ਬੰਕਰ ਬਣਾਉਣ ਦੀ ਮਨਜ਼ੂਰੀ ਦਿੱਤੀ ਸੀ। ਬਾਅਦ ਵਿੱਚ ਖਤਰੇ ਵਾਲੀ ਆਬਾਦੀ ਦੀ ਸੁਰੱਖਿਆ ਲਈ ਚਾਰ ਹਜ਼ਾਰ ਹੋਰ ਬੰਕਰ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ। ਅਧਿਕਾਰੀਆਂ ਨੇ ਇੱਕ ਬੈਠਕ ਵਿੱਚ ਬੰਕਰ ਬਣਾਉਣ ਦੀ ਸਮੀਖਿਆ ਕਰਦਿਆਂ ਦੱਸਿਆ ਕਿ 9,905 ਹੋਰ ਬੰਕਰਾਂ ਦੀ ਕੰਮ ਚੱਲ ਰਿਹਾ ਹੈ ਅਤੇ ਜਲਦੀ ਹੀ ਬਣਾ ਲਏ ਜਾਣਗੇ।

# ਸੰਤ ਭਿੰਡਰਾਂਵਾਲਾ ਦੇ ਪੋਸਟਰ ਦੇ ਵਿਰੋਧ ਪਿੱਛੋਂ ਕ੍ਰਿਕਟਰ ਹਰਭਜਨ ਨੇ ਮਾਫ਼ੀ ਮੰਗੀ


ਚੰਡੀਗੜ੍ਹ, 7 ਜੂਨ, (ਪੋਸਟ ਬਿਊਰੋ)- ਅਪਰੇਸ਼ਨ ਬਲਿਊ ਸਟਾਰ ਦੀ ਵਰ੍ਹੇਗੰਢ ਮੌਕੇ ਵਿਵਾਦਤ ਪੋਸਟਰ ਸ਼ੇਅਰ ਕਰਨ ਦੇ ਬਾਅਦ ਨੁਕਤਾਚੀਨੀ ਦਾ ਸ਼ਿਕਾਰ ਹੋਏ ਕ੍ਰਿਕਟ ਖਿਡਾਰੀ ਹਰਭਜਨ ਸਿੰਘ ਨੇ ਸੋਮਵਾਰ ਨੂੰ ਮਾਫ਼ੀ ਮੰਗ ਲਈ ਹੈ। ਇਸ ਮੌਕੇ ਹਰਭਜਨ ਸਿੰਘ ਨੇ ਕਿਹਾ ਕਿ ਵ੍ਹਟਸਐਪ ਉੱਤੇਉਸ ਨੂੰ ਕਿਸੇ ਨੇ ਇੱਕ ਪੋਸਟਰ ਭੇਜਿਆ ਸੀ, ਜਿਹੜਾ ਉਸ ਨੇ ਇੰਸਟਾਗ੍ਰਾਮਤੋਂ ਸ਼ੇਅਰ ਕਰ ਦਿੱਤਾ ਸੀ। ਇਹ ਪੋਸਟਰ ਪਹਿਲੀ ਤੋਂ ਛੇ ਜੂਨ ਤੱਕ ਹੋਏਅਪਰੇਸ਼ਨ ਬਲਿਊ ਸਟਾਰਦੌਰਾਨ ਜਾਨ ਗੁਆਉਣ ਵਾਲੇ ਲੋਕਾਂ ਦੀ ਯਾਦ ਵਿਚ ਸੀ। ਉਸ ਦਾ ਕਹਿਣਾ ਹੈ ਕਿ ਉਸ ਨੇ ਪੋਸਟ ਵਿਚ ਆਪਣੇ ਵੱਲੋਂ ਕੁਝ ਨਹੀਂ ਲਿਖਿਆ, ਪੋਸਟ ਹੀ ਪਾਈ ਸੀ। ਇਸ ਬਾਰੇ ਇੰਟਰਨੈੱਟ ਉੱਤੇ ਇੰਸਟਾਗ੍ਰਾਮ ਉੱਤੇ ਉਨ੍ਹਾਂ ਦੀ ਪੋਸਟ ਦਾ ਸਕ੍ਰੀਨਸ਼ਾਟ ਲੈ ਕੇ ਨੁਕਤਾਚੀਨੀ ਕੀਤੀ ਗਈ ਅਤੇ ਦੇਸ਼-ਵਿਦੇਸ਼ਵਿਚ ਲੋਕਾਂ ਨੇ ਉਸ ਦੀ ਨਿਖੇਧੀ ਕੀਤੀ ਸੀ। ਪੂਰਾ ਦਿਨ ਚੱਲੇ ਹੰਗਾਮੇ ਦੌਰਾਨ ਹਰਭਜਨ ਸਿੰਘ ਨੇ ਸੋਮਵਾਰ ਦੁਪਹਿਰ ਬਾਅਦ ਟਵੀਟ ਕੀਤਾ ਅਤੇ ਮਾਫ਼ੀ ਮੰਗ ਲਈ।

# ਵਿਦੇਸ਼ ਜਾ ਰਹੇ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਵੈਕਸੀਨੇਸ਼ਨ ਦੀ ਨਵੀਂ ਨੀਤੀ ਜਾਰੀ

ਨਵੀਂ ਦਿੱਲੀ, 7 ਜੂਨ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਪੜ੍ਹਾਈ ਅਤੇ ਕੰਮ-ਕਾਰਾਂ ਲਈ ਵਿਦੇਸ਼ ਜਾਣ ਵਾਲਿਆਂ ਦੇ ਨਾਲ ਟੋਕੀਓ ਓਲੰਪਿਕ ਖੇਡਾਂ ਵਿੱਚਜਾਣ ਵਾਲੀ ਟੀਮ ਅਤੇ ਸਪੋਰਟ ਸਟਾਫ ਲਈ ਕੋਰੋਨਾ-19 ਦੀ ਵੈਕਸੀਨੇਸ਼ਨ ਦੀ ਨਵੀਂ ਗਾਈਡਨਲਾਈਨ ਜਾਰੀ ਕੀਤੀ ਹੈ, ਜਿਸ ਨਾਲ ਇਨ੍ਹਾਂ ਵਰਗਾਂ ਦੇ ਲੋਕਾਂ ਨੂੰਯਾਤਰਾ ਕਰਨ ਦੀਸੌਖ ਹੋਵੇਗੀ।

ਇਸ ਸੰਬੰਧ ਵਿੱਚ ਭਾਰਤ ਦੇ ਸਿਹਤ ਮੰਤਰਾਲਾ ਨੇ ਰਾਜ ਸਰਕਾਰਾਂ ਨੂੰ ਚਿੱਠੀ ਲਿਖ ਕੇ ਵਿਦੇਸ਼ ਯਾਤਰਾ ਲਈ ਜਾਣ ਵਾਲੇ ਲੋਕਾਂ ਨੂੰ ਲੋੜਪੈਣ ਉੱਤੇ ਕੋਵਿਸ਼ੀਲਡ ਦੀ ਦੂਸਰੀ ਡੋਜ 84 ਦਿਨ ਪੂਰੇ ਹੋਣ ਤੋਂ ਪਹਿਲਾਂ ਦੇਣ ਨੂੰ ਕਿਹਾ ਹੈ। ਸਰਕਾਰ ਦੀ ਨਵੀਂਨੀਤੀ ਨਾਲ ਕੋਵਿਸ਼ੀਲਡ ਦੀ ਦੂਸਰੀ ਡੋਜ਼ ਵਾਲੇ ਕਿਸੇ ਵਿਦਿਆਰਥੀ, ਪ੍ਰੋਫੈਸ਼ਨਲ ਜਾਂ ਖਿਡਾਰੀ ਨੂੰ ਆਪਣੀ ਤੈਅ ਵਿਦੇਸ਼ ਯਾਤਰਾ ਨਹੀਂ ਟਾਲਣੀਪਵੇਗੀ, ਉਹ 84 ਦੀ ਥਾਂ 28 ਦਿਨ ਪਿੱਛੋਂ ਦੂਸਰੀ ਡੋਜ਼ ਲੈ ਸਕਣਗੇ।ਇਨ੍ਹਾਂ ਯਾਤਰੀਆਂ ਦੇ ਪਾਸ-ਪੋਰਟ ਨੂੰ ਕੋਵਿਡ ਸਰਟੀਫਿਕੇਟ ਨਾਲ ਅਟੈਚ ਕੀਤਾ ਜਾਵੇਗਾ। ਕੇਂਦਰ ਸਰਕਾਰ ਨੇ ਰਾਜਾਂ ਨੂੰ ਭੇਜੇ ਤਾਜ਼ਾ ਪੱਤਰਵਿੱਚ ਪੜ੍ਹਾਈ, ਕੰਮ ਕਰਨ ਵਾਲੇ ਪ੍ਰੋਫੈਸ਼ਨਲ ਅਤੇ ਓਲੰਪਿਕ ਖੇਡਾਂ ਵਿੱਚਜਾਣ ਲੈਣ ਵਾਲੇ ਖਿਡਾਰੀਆਂ ਦੇ ਨਾਲ ਉਨ੍ਹਾਂ ਦੇ ਸਪੋਰਟ ਸਟਾਫ ਅਤੇ ਅਧਿਕਾਰੀਆਂ ਦੀ ਵੈਕਸੀਨੇਸ਼ਨ ਲਈ ਹਰ ਜ਼ਿਲੇਵਿੱਚ ਇੱਕ ਯੋਗ ਅਧਿਕਾਰੀ ਨਿਯੁਕਤ ਕਰਨ ਨੂੰ ਕਿਹਾ ਹੈ, ਜੋ ਦੂਸਰੀ ਡੋਜ਼ ਲਈ ਸਮਾਂ ਸੀਮਾ ਤੈਅ ਕਰਨ ਦਾ ਫੈਸਲਾ ਕਰਨਗੇ। ਵਰਨਣ ਯੋਗ ਹੈ ਕਿ ਮਈ 2021 ਵਿੱਚ ਅਚਾਨਕ ਕੋਵਿਸ਼ੀਲਡ ਦੀ ਦੂਸਰੀ ਡੋਜ ਲਈ ਸਮਾਂ ਸੀਮਾ 42 ਦਿਨ ਤੋਂ ਵਧਾ ਕੇ 84 ਦਿਨ ਕਰ ਦਿੱਤੀ ਗਈ ਸੀ। ਸਿਹਤ ਮੰਤਰਾਲਾ ਮੁਤਾਬਕਇਹ ਲੋਕ ਆਪਣੇ ਪਾਸਪੋਰਟ ਤੇ ਦਸਤਾਵੇਜ਼ ਨਾਲ ਜ਼ਿਲੇ ਦੇ ਸੰਬੰਧਤ ਅਧਿਕਾਰੀ ਨੂੰ ਮਿਲ ਸਕਣਗੇ ਤੇ ਉਹ 28 ਦਿਨ ਦੀ ਮਿਆਦ ਪੂਰੀ ਹੋਣ ਪਿੱਛੋਂ ਉਨ੍ਹਾਂ ਲਈ ਦੂਸਰੀ ਡੋਜ਼ ਦਾਪ੍ਰਬੰਧ ਕਰੇਗਾ। ਪਛਾਣ ਲਈ ਪਾਸਪੋਰਟ ਦੇਣ ਉੱਤੇ ਪਾਸਪੋਰਟ ਨੰਬਰ ਨਾਲ ਵੈਕਸੀਨ ਸਰਟੀਫਿਕੇਟ ਦਿੱਤਾ ਜਾਵੇਗਾ। ਪਹਿਲੀ ਡੋਜ਼ ਦੇ ਸਮੇਂ ਪਾਸ-ਪੋਰਟ ਨਾ ਦੇਣਉੱਤੇ ਦੂਸਰੀ ਡੋਜ਼ ਪਿੱਛੋਂ ਪਾਸਪੋਰਟ ਨੰਬਰ ਦੇ ਨਾਲ ਵੈਕਸੀਨ ਸਰਟੀਫਿਕੇਟ ਜਾਰੀ ਹੋਵੇਗਾ। ਕਿਉਂਕਿ ਕੋਵਿਸ਼ੀਲਡ ਹੀ ਦੇ ਕੋਰੋਨਾ ਵੈਕਸੀਨ ਦੀ ਟਰੈਵਲ ਸੂਚੀ ਵਿੱਚ ਹੈ, ਇਸ ਕਰ ਕੇ ਸਰਟੀਫਿਕੇਟ ਉੱਤੇ ਸਿਰਫ ਕੋਵਿਸ਼ੀਲਡ ਲਿਖਣਾ ਹੋਵੇਗਾ। ਬਹੁਤੇ ਦੇਸ਼ਾਂ ਵਿੱਚ ਬਿਨਾਂ ਕੋਰੋਨਾ ਵੈਕਸੀਨ ਵਾਲੇ ਲੋਕਾਂ ਦੀ ਐਂਟਰੀਦੀ ਰੋਕ ਹੋਣ ਕਾਰਨ ਕੋਵਿਸ਼ੀਲਡ ਦਾ ਟੀਕਾ ਜ਼ਰੂਰੀ ਹੈ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



REXDALE BODY SHOP
USED CAR SALE



Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



NEED A LAWYER ??
Red Seal NOTARY
KAUR LAW OFFICE



REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Grand Upholstery Ltd
Sofa Company Originality in Every Piece



Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਆਮ ਆਦਮੀ ਪਾਰਟੀ ਵੱਲੋਂ ਦੋਸ਼, ਪੰਜਾਬ ਵਿੱਚ ਵੈਕਸੀਨ ਪਿੱਛੋਂ ਫਤਿਹ ਕਿੱਟ ਖਰੀਦਣ ਵਿੱਚ ਵੀ ਘਪਲਾ ਹੋਇਐ

ਚੰਡੀਗੜ੍ਹ, 7 ਜੂਨ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਅਤੇ ਹਾਈ ਕਮਾਂਡ ਵੱਲੋਂ ਪੰਜਾਬ ਦੇ ਇੰਚਾਰਜ ਤੇ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੇ ਦੋਸ਼ ਲਾਇਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਕੋਰੋਨਾ ਮਹਾਮਾਰੀ ਦੇ ਇਸ ਦੌਰ ਵਿੱਚ ਘੁਟਾਲੇ ਕਰਨ ਦਾ ਰਿਕਾਰਡ ਕਾਇਮ ਕਰ ਦਿੱਤਾ ਹੈ। ਉਨ੍ਹਾਂ ਨੇਦੋਸ਼ ਲਾਇਆ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਫਤਿਹਕਿੱਟਾਂ ਖਰੀਦ ਕਰਨਵਿੱਚਵੀ ਕਰੋੜਾਂ ਰੁਪਿਆਂ ਦਾ ਲੈਣ-ਦੇਣ ਕਰ ਕੇ ਇੱਕ ਵੱਡਾ ਘਪਲਾ ਕਰ ਦਿੱਤਾ ਹੈ।

ਅੱਜ ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਦਫਤਰ ਵਿਖੇ ਪ੍ਰੈੱਸ ਕਾਨਫਰੰਸ ਵਿੱਚਭਗਵੰਤ ਮਾਨ ਅਤੇ ਜਰਨੈਲ ਸਿੰਘ ਨੇ ਕਿਹਾ ਕਿ 'ਔਕੜ ਨੂੰ ਅਵਸਰ' ਵਜੋਂ ਵਰਤ ਕੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵੈਕਸੀਨ ਪ੍ਰਾਈਵੇਟ ਹਸਪਤਾਲਾਂ ਨੂੰ ਵੇਚ ਕੇ ਕਰੋੜਾਂ ਰੁਪਏ ਦਾ ਘੁਟਾਲਾ ਕੀਤਾ, ਨਾਲ ਕੋਰੋਨਾਂ ਦੇਇਲਾਜ ਲਈ 'ਫਤਿਹ ਕਿੱਟ'ਦੀ ਖਰੀਦ ਵਿੱਚ ਵੀ ਪੰਜਾਬ ਦਾ ਖਜਾਨਾ ਲੁੱਟਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਰਾਜ ਸਰਕਾਰ ਨੇ 837 ਰੁਪਏ ਵਾਲੀ ਫਤਿਹ ਕਿੱਟ



1338 ਰੁਪਏ ਦੀ ਖਰੀਦ ਕੇ ਲੋਕਾਂ ਦੀਆਂ ਜੇਬਾਂ ਉੱਤੇ ਡਾਕਾ ਮਾਰਿਆ ਹੈ।ਦੋਵਾਂ ਆਗੂਆਂ ਨੇ ਕਿਹਾ ਕਿ ਫਤਿਹ ਕਿੱਟ ਖਰੀਦਣ ਲਈ ਕੈਪਟਨ ਸਰਕਾਰ ਨੇ ਪਹਿਲਾਂ ਟੈਂਡਰ 3 ਅਪ੍ਰੈਲ ਮੁਕੰਮਲ ਕੀਤਾ ਤਾਂ 837.78 ਰੁਪਏ ਕਿੱਟ ਦਾ ਮੁੱਲ ਤੈਅ ਕੀਤਾਤੇ ਇਸ ਟੈਂਡਰ ਨਾਲ ਫਤਿਹ ਕਿੱਟਾਂ ਦੀ ਸਪਲਾਈ ਦੇਣ ਦਾ 6 ਮਹੀਨੇ ਸਮਾਂ ਰੱਖਿਆ।ਦੋਵਾਂਆਗੂਆਂ ਨੇ ਕਿਹਾ ਕਿ ਫਿਰ ਰਾਜ ਸਰਕਾਰ ਨੇ ਇਸ ਟੈਂਡਰ ਦੀ ਥਾਂ 20 ਅਪ੍ਰੈਲ ਨੂੰ ਦੂਸਰੇ ਟੈਂਡਰ ਪਾ ਕੇ ਫਤਿਹ ਕਿੱਟ 1226.40 ਰੁਪਏ ਦੀ ਲੈਣ ਦਾ ਸਮਝੌਤਾ ਕਰ ਲਿਆ, ਜੋ ਪਹਿਲੀ ਕੀਮਤ ਤੋਂ ਬਹੁਤ ਵੱਧ ਸੀਤੇ ਸਰਕਾਰ ਨੇ ਮਹਿੰਗੇ ਮੁੱਲ 1226.40 ਰੁਪਏ ਦੇ ਹਿਸਾਬ 50 ਹਜਾਰ ਫਤਿਹ ਕਿੱਟਾਂ ਖਰੀਦ ਲਈਆਂ, ਜਦੋਂ ਕਿ ਉਸ ਕੰਪਨੀ ਕੋਲ ਮੈਡੀਕਲ ਲਾਇਸੈਂਸ ਵੀ ਨਹੀਂ ਹੈ।

ਆਮ ਆਦਮੀ ਪਾਰਟੀ ਦੇ ਦੋਵਾਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ 7 ਮਈ ਨੂੰ ਹੋਰ ਕਿੱਟਾਂ ਖਰੀਦਣਲਈ ਵੱਖਰਾ ਟੈਂਡਰ ਕਰ ਕੇ 1338 ਰੁਪਏ ਦੇ ਹਿਸਾਬ ਫਤਿਹ ਕਿੱਟ ਖਰੀਦਣ ਦਾ ਸਮਝੌਤਾ ਕੀਤਾ ਅਤੇ ਤੀਜੇ ਟੈਂਡਰ ਰਾਹੀਂ 1 ਲੱਖ 50 ਹਜਾਰ ਕਿੱਟਾਂ 1338 ਰੁਪਏ ਦੀ ਕੀਮਤ ਉੱਤੇਲੈ ਲਈਆਂ। ਭਗਵੰਤ ਮਾਨ ਤੇ ਜਰਨੈਲ ਸਿੰਘ ਨੇ ਦੋਸ਼ ਲਾਇਆ ਕਿ ਜਿਹੜੀ ਫਤਿਹ ਕਿੱਟ 837.78 ਰੁਪਏ ਵਿੱਚ ਮਿਲਦੀ ਸੀ, ਉਹੋਕਿੱਟ ਕੈਪਟਨ ਸਰਕਾਰ ਨੇ 500 ਵੱਧ ਉੱਤੇ 1338 ਰੁਪਿਆਂ ਵਿੱਚ ਖਰੀਦ ਕੇ ਪੰਜਾਬ ਵਾਸੀਆਂ ਦੇ ਖੂਨ-ਪਸੀਨੇ ਦੀ ਕਮਾਈ ਇਸ ਸੌਦੇ ਦੌਰਾਨ ਲੁਟਾਈ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


## ਯੂ ਕੇ ਦੇ ਨਾਗਰਿਕਾਂ ਨਾਲ ਠੱਗੀ ਦੇ ਦੋਸ਼ ਹੇਠ 21 ਗ੍ਰਿਫਤਾਰ

ਨਵੀਂ ਦਿੱਲੀ, 7 ਜੂਨ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਪੱਛਮੀ ਦਿੱਲੀ ਦੇ ਨਰੈਣਾ ਵਿਚ ਇੱਕ ਜਾਅਲੀ ਕੌਮਾਂਤਰੀ ਕਾਲ ਸੈਂਟਰ ਦਾ ਪਰਦਾ ਫਾਸ਼ ਕੀਤਾ ਅਤੇ ਯੂ ਕੇ ਦੇ ਨਾਗਰਿਕਾਂ ਨਾਲ ਧੋਖਾ ਕਰਨ ਵਾਲੇ 21 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਕਿਹਾ ਕਿ ਹਰ ਪੀੜਤ ਨਾਲ ਟੈਕਸ ਫਰਾਡ ਦੇ ਨਾਂਅ ਉੱਤੇ 400-500 ਪੌਂਡ ਦੀ ਠੱਗੀ ਮਾਰੀ ਗਈ।



ਪਤਾ ਲੱਗਾ ਹੈ ਕਿ ਦੋਸ਼ੀਆਂ ਨੇ ਆਪਣੇ ਆਪ ਨੂੰ ਯੂ ਕੇ ਸਰਕਾਰ ਦੇ ਟੈਕਸ ਉਗਰਾਹੀ ਵਿਭਾਗ ਦੇ ਅਧਿਕਾਰੀ ਵਜੋਂ ਪੇਸ਼ ਕੀਤਾ ਤੇ ਲੋਕਾਂ ਨੂੰ ਦੱਸਿਆ ਕਿ ਆਡਿਟ ਦੌਰਾਨ ਟੈਕਸ ਪੇਮੈਂਟ ਵਿੱਚ ਫਰਕ ਸੀ। ਡਿਪਟੀ ਕਮਿਸ਼ਨਰ ਪੁਲਸ (ਵੈਸਟ) ਉਰਵਿਜਾ ਗੋਇਲ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਨੇ ਕਾਲ ਸੈਂਟਰ ਉੱਤੇ ਛਾਪਾ ਮਾਰ ਕੇ 21 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ, ਪਰ ਕੇਂਦਰ ਦਾ ਮਾਲਕ ਫੜਿਆ ਨਹੀਂ ਗਿਆ ਤੇ ਲੁਕ ਗਿਆ ਹੈ। ਇਸ ਮੌਕੇ 21 ਮੁਲਜ਼ਮਾਂ, ਜਿਨ੍ਹਾਂ ਵਿੱਚ ਇੱਕ ਫਲੋਰ ਮੈਨੇਜਰ ਅਤੇ ਦੋ ਸੁਪਰਵਾਈਜ਼ਰ ਸ਼ਾਮਲ ਹਨ, ਨੂੰ ਸੈਂਟਰ ਵਿੱਚ ਫੜ ਲਿਆ ਗਿਆ। ਉਹ ਪੀੜਤਾਂ ਨਾਲ ਜੁੜਨ ਲਈ 'ਵੀ ਓ ਆਈ ਪੀ ਕਾਲਜ਼' ਦੀ ਵਰਤੋਂ ਕਰਦੇ ਸਨ। ਉਹ ਅਪਰਾਧ ਲਈ ਮਹਿੰਗੇ ਸਾਫਟਵੇਅਰ, ਜਿਵੇਂ ਆਈ ਬੀਮ, ਵੀ ਆਈ ਸੀ ਆਈ ਡਾਇਲ ਤੇ ਐਕਸਲਾਈਟ ਦੀ ਵਰਤੋਂ ਕਰ ਰਹੇ ਸਨ। ਉਨ੍ਹਾਂ ਨੇ ਇਸ ਸਾਲ ਫਰਵਰੀ ਵਿੱਚ ਇਹ ਧੰਦਾ ਸ਼ੁਰੂ ਕਰ ਕੇ ਫਿਰ ਯੂ ਕੇ ਦੇ ਲੱਖਾਂ ਲੋਕਾ ਦਾ ਡੈਟਾ ਲੱਭਿਆ। ਪੁਲਸ ਮੁਤਾਬਕ ਮਾਲਕ ਦੇ ਯੂ ਕੇ ਵਿੱਚ ਸਾਥੀ ਜਾਂ ਲਿੰਕ ਹਨ, ਜੋ ਉਥੋਂ ਦੇ ਨਾਗਰਿਕਾਂ ਦੇ ਅਦਾਇਗੀ ਖਾਤਿਆਂ ਲਈ ਕੋਈ ਮਦਦ ਕਰਦੇ ਸਨ। ਇੱਕ ਪੁਲਸ ਅਫਸਰ ਨੇ ਕਿਹਾ ਕਿ ਉਨ੍ਹਾਂ ਨੇ ਕਾਲਾਂ ਦਾ ਰਿਕਾਰਡ ਵੀ ਨਹੀਂ ਬਣਾ ਰੱਖਿਆ ਸੀ ਅਤੇ ਟੀਮ ਉਨ੍ਹਾਂ ਦੇ ਡਿਵਾਈਸਾਂ ਤੋਂ ਬੈਂਕ ਖਾਤਿਆਂ ਰਾਹੀਂ ਸਕੈਨ ਕਰ ਰਹੀ ਹੈ।

## ਅਮਰਨਾਥ ਯਾਤਰਾ ਐਤਕੀਂ ਵੀ ਨਹੀਂ ਹੋ ਸਕੇਗੀ

ਜੰਮੂ, 7 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਇਨਫੈਕਸ਼ਨ ਕਾਰਨ ਪਿਛਲੇ ਸਾਲ ਵਾਂਗ ਇਸ ਸਾਲ ਵੀ ਅਮਰਨਾਥ ਯਾਤਰਾ ਨਹੀਂ ਹੋਵੇਗੀ। ਇਸ ਸਾਲ ਦੀ ਛੜੀ ਮੁਬਾਰਕ ਯਾਤਰਾ ਨਾਲ ਸਿਰਫ਼ ਰਿਵਾਇਤੀ ਢੰਗ ਨਾਲ ਪੂਜਾ ਕੀਤੀ ਜਾਵੇਗੀ। ਸ਼ਰਧਾਲੂ ਘਰ ਬੈਠੇ ਆਰਤੀ ਨੂੰ ਲਾਈਵ ਵੇਖ ਸਕਣਗੇ।

ਸ਼੍ਰੀ ਅਮਰਨਾਥ ਸ਼ਰਾਈਨ ਬੋਰਡ ਦੇ ਸੂਤਰਾਂ ਮੁਤਾਬਕ ਇਸ ਸਾਲ ਹੈਲੀਕਾਪਟਰ ਰਾਹੀਂ ਯਾਤਰਾ ਕਰਵਾਉਣ ਦਾ ਪ੍ਰਸਤਾਵ ਰੱਦ ਕਰ ਦਿੱਤਾ ਗਿਆ ਹੈ। ਇਸ ਸਾਲ ਸਿਰਫ਼ ਛੜੀ ਮੁਬਾਰਕ ਯਾਤਰਾ ਦਾ ਪ੍ਰਬੰਧ ਹੋਵੇਗਾ ਤੇਪੂਰਨਮਾਸ਼ੀ ਵਾਲੇ ਦਿਨ ਪੂਜਾ ਹੋਵੇਗੀ। ਇਸ ਤੋਂ ਪਹਿਲਾਂ ਅਪ੍ਰੈਲ ਵਿੱਚ ਅਮਰਨਾਥ ਗੁਫਾ ਲਈ ਹੋਣ ਵਾਲੀ ਯਾਤਰਾ ਲਈ ਰਜਿਸਟ੍ਰੇਸ਼ਨ ਨੂੰ ਕੋਵਿਡ-19 ਕਾਰਨ ਆਰਜ਼ੀ ਤੌਰ ਉਤੇ ਸਸਪੈਂਡ ਕਰ ਦਿੱਤਾ ਗਿਆ ਸੀ।ਬਾਲਟਾਲ ਅਤੇ ਚੰਦਨਵਾੜੀ ਰਸਤਿਆਂ ਤੋਂ ਹੋਣ ਵਾਲੀ ਉਕਤ ਯਾਤਰਾ ਲਈ ਆਫ ਲਾਈਨ ਅਤੇ ਆਨਲਾਈਨ ਰਜਿਸਟ੍ਰੇਸ਼ਨ ਇਸ ਸਾਲ 1 ਅਪ੍ਰੈਲ ਅਤੇ 15 ਅਪ੍ਰੈਲ ਤੋਂ ਕ੍ਰਮਵਾਰ ਸ਼ੁਰੂ ਹੋਈ ਸੀ। 56 ਦਿਨਾਂ ਦੀ ਇਸ ਯਾਤਰਾ ਨੇ ਉਕਤ ਦੋਹਾਂ ਰਸਤਿਆਂ ਤੋਂ 28 ਜੂਨ ਨੂੰ ਸ਼ੁਰੂ ਹੋਣਾ ਸੀ ਅਤੇ ਇਸ ਦੀ ਸਮਾਪਤੀ 22 ਅਗਸਤ ਨੂੰ ਹੋਣੀ ਸੀ। ਅਮਰਨਾਥ ਸ਼ਰਾਈਨ ਬੋਰਡ ਨੇ ਅਪ੍ਰੈਲ ਵਿੱਚ ਹੀ ਜਾਣਕਾਰੀ ਦੇ ਦਿੱਤੀ ਸੀ ਕਿ ਦੇਸ਼ ਵਿੱਚ ਕੋਵਿਡ ਕਾਰਨ ਬਣੇ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਸਭ ਚੌਕਸੀ ਉਪਾਵਾਂ ਦੀ ਲੋੜ ਨੂੰ ਦੇਖਦਿਆਂ ਸ਼੍ਰੀ ਅਮਰਨਾਥ ਯਾਤਰਾ ਲਈ ਰਜਿਸਟ੍ਰੇਸ਼ਨ ਨੂੰ ਆਰਜ਼ੀ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ।


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909,
416-618-3358

ਵਰਕਰਾਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।
ਸੰਪਰਕ: 647-391-3365

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਗਿਆਨ ਗੰਗਾ
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best
CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
FOR SALE
EXCLUSIVE FOR SALE IN WOODSTOCK
3+1 bdrms with finished Basement
FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
FOR SALE
Kamal Sandhu 647-891-0143
Re/Max Gold Realty Inc Brokerage
Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਸਮੇਂ ਦੀ ਕੀਮਤੀ

ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ, ਬਠਿੰਡਾ



ਕਿਸੇ ਨੇ ਠੀਕ ਹੀ ਕਿਹਾ ਹੈ -ਸਮਾਂ ਅਤੇ ਸਮੁੰਦਰ ਦੀਆਂ ਲਹਿਰਾਂ ਕਿਸੇ ਦੀ ਉਡੀਕ ਨਹੀਂ ਕਰਦੀਆਂ। ਇਸ ਸੰਸਾਰ 'ਚ ਸਭ ਤੋਂ ਕੀਮਤੀ ਚੀਜ ਸਮਾਂ ਹੈ। ਜੋ ਇਸ ਨੂੰ ਬਰਬਾਦ ਕਰਦਾ ਹੈ -ਉਹ ਖੁਦ ਬਰਾ-ਬਾਦ ਹੋ ਜਾਂਦਾ ਹੈ। ਇਸ ਫਾਨੀ ਸਸਾਰ 'ਚ ਹਰੇਕ ਚੀਜ ਨੂੰ ਵਧਾਇਆ ਘਟਾਇਆ ਜਾ ਸਕਦਾ ਹੈ, ਪਰ ਸਮੇਂ ਨੂੰ ਨਹੀਂ। ਸਮਾਂ ਕਿਸੇ ਦੇ ਅਧੀਨ ਨਹੀਂ ਰਹਿੰਦਾ, ਨਾ ਰੁਕਦਾ ਹੇ ਅਤੇ ਨਾ ਹੀ ਕਿਸੇ ਦੀ ਉਡੀਕ ਕਰਦਾ ਹੈ। ਜੋ ਲੋਕ ਆਪਣਾ ਦਿਨ ਖਾ -ਪੀ ਕੇ ਅਤੇ ਰਾਤ ਸੌਂ ਕੇ ਲੰਘਾ ਦਿੰਦੇ ਹਨ ,ਉਹ ਆਪਣੇ ਹੀਰੇ ਵਰਗੇ ਅਨਮੋਲ ਜਨਮ ਨੂੰ ਵਿਅਰਥ ਹੀ ਗਵਾ ਦਿੰਦੇ ਹਨ। ਜਦੋਂ ਸਮਾਂ ਹੱਥੋਂ ਲੰਘ ਜਾਂਦਾ ਹੈ ਅਜਿਹੇ ਲੋਕਾਂ ਨੂੰ ਉਸ ਵਕਤ ਪਛਤਾਉਣਾ ਪੈਂਦਾ ਹੈ।

ਇਤਿਹਾਸ ਗਵਾਹ ਹੈ ਕਿ ਜਿਸਨੇ ਸਮੇਂ ਦੀ ਅਹਿਮੀਅਤ ਨੂੰ ਪਛਾਣਿਆ ਅਤੇ ਸਮੇਂ ਦਾ ਸਹੀ ਇਸਤੇਮਾਲ ਕੀਤਾ-ਉਹ ਤਰੱਕੀ ਦੀਆਂ ਪੌੜੀਆਂ ਚੜ੍ਹਦਾ ਗਿਆ ਅਤੇ ਜਿਸਨੇ ਸਮੇਂ ਦੀ ਕਦਰ ਨਹੀਂ ਜਾਣੀ, ਸਮੇਂ ਨੇ ਉਸ ਨੂੰ ਬਰਬਾਦ ਕਰ ਦਿੱਤਾ। ਕੁਦਰਤ ਸਾਨੂੰ ਇਕ ਵਾਰ ਮੌਕਾ ਜ਼ਰੂਰ ਦਿੰਦੀ ਹੈ ਅਤੇ ਦੂਜਾ ਮੌਕਾ ਦੇਣ ਸਮੇਂ ਪਹਿਲਾ ਵਾਪਸ ਲੈ ਲੈਂਦੀ ਹੈ। ਵਿਦਿਆਰਥੀ ਜੀਵਨ 'ਚ ਸਮੇਂ ਦੀ ਬਹੁਤ ਅਹਿਮੀਅਤ ਹੈ। ਸਮੇਂ ਦੀ ਸੁਚੱਜੀ ਵਰਤੋਂ ਕਰਨ ਵਾਲੇ ਵਿਦਿਆਰਥੀ ਜ਼ਿੰਦਗੀ 'ਚ ਸਫਲ ਹੁੰਦੇ ਹਨ ਅਤੇ ਕਾਮਯਾਬ ਨਾਗਰਿਕ ਬਣਦੇ ਹਨ। ਇਸ ਤੋਂ ਉਲਟ ਕੀਮਤੀ ਸਮੇਂ ਨੂੰ ਵਿਅਰਥ ਗੱਲਾਂ 'ਚ ਗਵਾਉਣ ਵਾਲੇ ਵਿਦਿਆਰਥੀ ਅਸਫਲਤਾ ਦਾ ਮੂੰਹ ਹੀ ਦੇਖਦੇ ਹਨ।

ਵਿਦਿਆਰਥੀ ਨੂੰ ਆਪਣਾ ਸਮਾਂ ਐਧਰ-ਉਧਰ ਦੀਆਂ ਬੇਲੋੜੀਆਂ ਗੱਲਾਂ, ਫੈਸ਼ਨਬਾਜੀ ਆਦਿ 'ਚ ਨਹੀਂ ਗਵਾਉਣਾ ਚਾਹੀਦਾ, ਸਗੋਂ ਮਿਹਨਤੀ ਬਣਕੇ ਵੱਧ ਤੋਂ ਵੱਧ ਗਿਆਨ ਹਾਸਲ ਕਰਕੇ ਆਪਣੇ ਟੀਚੇ ਵੱਲ ਵਧਣਾ ਚਾਹੀਦਾ ਹੈ। ਸਮੇਂ ਦਾ ਸਹੀ ਇਸਤੇਮਾਲ ਇਕ ਚੰਗੀ ਸਖਸ਼ੀਅਤ ਉਸਾਰਨ ਦੀ ਨੀਂਅ ਹੁੰਦਾ ਹੈ। ਸਮੇਂ ਦੀ ਅਹਿਮੀਅਤ ਨੂੰ ਨਾ ਸਮਝਣ ਵਾਲੇ ਅਸਲ 'ਚ ਨਾਕਾਮ ਲੋਕ ਸਾਬਤ ਹੁੰਦੇ ਹਨ। ਦਿਨ ਦੀ ਹਰ ਇਕ ਘੜੀ ਸਾਡੇ ਦੋਸਤਾਂ ਦੇ ਰੂਪ 'ਚ ਸਾਡੇ ਸਾਹਮਣੇ ਆਉਂਦੀ ਹੈ ਅਤੇ ਕੁਦਰਤ ਦੇ ਵੱਡਮੁੱਲੇ ਤੋਹਫੇ ਲਿਆਉਂਦੀ ਹੈ।ਜੇਕਰ ਅਸੀਂ ਵਕਤ ਦੇ ਇਨ੍ਹਾਂ ਕੀਮਤੀ ਪਲਾਂ ਦਾ ਸਹੀ ਇਸਤੇਮਾਲ ਨਹੀਂ ਕਰਾਂਗੇ ਤਾਂ ਉਹ ਚੁੱਪਚਾਪ ਵਾਪਸ ਪਰਤ ਜਾਣਗੇ।

# ਹੈਮਿਓਪੈਥਿਕ ਦਾ ਸਿਧਾਂਤ ਰੋਗ ਨਾਲੋਂ ਰੋਗੀ ਦੀ ਜ਼ਿਆਦਾ ਦੇਖਭਾਲ ਕੀਤੀ ਜਾਵੇ

ਡਾ. ਗੁਰਭਿੰਦਰ ਗੁਰੀ
9915727311

ਹੈਮਿਓਪੈਥਿਕ ਵਿੱਚ ਡਾਕਟਰ ਰੋਗੀ ਨੂੰ ਅਲੱਗ ਅੱਲਗ ਹਿੱਸਿਆ ਵਿੱਚ ਨਹੀਂ ਦੇਖਦਾ ਸਗੋਂ ਰੋਗੀ ਦੀਆਂ ਸਾਰੀਆਂ ਅਲਾਮਤਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਹੈਮਿਓਪੈਥਿਕ ਇਕ ਕੁਦਰਤੀ ਇਲਾਜ ਪ੍ਰਣਾਲੀ ਹੈ, ਇਹ ਦੁਨੀਆਂ ਦੀ ਇਕੋ ਇਕ ਅਜਿਹੀ ਇਲਾਜ ਪ੍ਰਣਾਲੀ ਹੈ ਜੋ ਬਿਮਾਰੀ ਨੂੰ ਜੜ੍ਹ ਤੋ ਖਤਮ ਕਰਦੀ ਹੈ, ਅਤੇ ਇਸ ਦਾ ਕੋਈ ਸਾਈਡਇਫੈਕਟ ਨਹੀ ਹੈ

ਦੁਨੀਆਂ ਵਿੱਚ ਜਿੱਥੋਂ ਤੱਕ ਡਾਕਟਰੀ ਸਾਇੰਸ ਦਾ ਸਬੰਧ ਹੈ, ਕੋਈ ਵੀ ਹੋਰ ਇਲਾਜ ਜਾਂ ਹੋਰ ਢੰਗ ਤਰੀਕਾ 160 ਸਾਲ ਪਹਿਲਾ ਹੋਂਦ ਵਿੱਚ ਆਈ ਹੈਮਿਓਪੈਥਿਕ ਵਿੱਚ ਹੁਣ ਸਾਇਸ ਦਾਨੀਆਂ ਨੇ ਹੋਰ ਜਿਆਦਾ ਵਾਧਾ ਕਰ ਦਿੱਤਾ ਹੈ, ਅੱਜਕੱਲ੍ਹ ਹੋਮਿਓਪੈਥੀ ਜਰਮਨ ਤੋਂ ਸ਼ੁਰੂ ਹੋ ਕੇ ਦੁਨੀਆਂ ਦੇ ਹਰ ਕੋਨੇ ਕੋਨੇ ਵਿੱਚ ਮਸ਼ਹੂਰ ਹੋ ਗਈ ਹੈ, ਹੋਮਿਓਪੈਥੀ ਡਾਕਟਰਾਂ ਕੋਲ ਆਉਣ ਵਾਲਾ ਹਰ ਮਰੀਜ ਆ ਕੇ ਇਹੋ ਗੱਲ ਕਹਿੰਦਾ ਹੈ ਕਿ ਮੈਂ ਵੱਡੇ ਵੱਡੇ ਹਸਪਤਾਲਾਂ ਵਿੱਚ ਮਹਿੰਗੇ ਮਹਿੰਗੇ ਟੈਸਟ ਕਰਵਾ ਕੇ ਹਸਪਤਾਲਾਂ ਦੀਆਂ ਮੋਟੀਆਂ ਫੀਸਾਂ ਭਰ ਕੇ ਕੌੜੀਆਂ ਦਵਾਈਆਂ ਬਹੁਤ ਖਾ ਚੁੱਕਿਆ ਹਾਂ, ਪਰ ਮੈਂ ਠੀਕ ਨਹੀਂ ਹੋ ਸਕਿਆ, ਹੁਣ ਮੈਨੂੰ ਤੁਹਾਡੇ ਤੋਂ ਆਸ ਦੀ ਕਿਰਨ ਨਜ਼ਰ ਆ ਰਹੀ ਹੈ, ਮੈਂ ਆਪਣੇ ਕਿਸੇ ਜਾਣਕਾਰ ਦੱਸਣ 'ਤੇ ਤੁਹਾਡੇ ਕੋਲ ਆਏ ਹਾਂ, ਜਿਸ ਤਰ੍ਹਾਂ ਤੁਹਾਡੀਆਂ ਮਿੱਠੀਆਂ ਗੋਲੀਆਂ ਨੇ ਮੇਰੇ ਜਾਣਕਾਰ ਨੂੰ ਠੀਕ ਕੀਤਾ ਹੈ, ਇਸ ਤਰ੍ਹਾਂ ਮੈਨੂੰ ਵੀ ਮਿੱਠੀਆਂ ਗੋਲੀਆਂ ਵਾਲੀ ਦਵਾਈ ਦੇ ਕੇ ਠੀਕ ਕਰੋ, ਦਵਾਈ ਖਾਣ ਤੋਂ ਬਾਅਦ ਉਹੀ ਮਰੀਜ ਆਪਣੇ ਠੀਕ ਹੋਣ ਦੀ ਖੁਸ਼ੀ ਵਿੱਚ ਖੀਵਾ ਹੋਇਆ, ਹੈਮਿਓਪੈਥਿਕ ਦੇ ਗੁਣ ਗਾਉਂਦਾ ਹੋਇਆ ਹੋਰ ਸੈਕੜੇ ਲੋਕਾਂ ਨੂੰ ਉਸ ਡਾਕਟਰ ਬਾਰੇ ਦੱਸਦਾ ਹੈ, ਜਦੋਂ ਹੈਮਿਓਪੈਥਿਕ ਡਾਕਟਰ ਕੋਲ ਪੁੱਜਦਾ ਹੈ, ਤਾਂ ਹੈਮਿਓਪੈਥਿਕ ਵਾਲਾ ਡਾਕਟਰ ਮਰੀਜ਼ ਦੇ ਠੀਕ ਦੀ ਖੁਸ਼ੀ ਵਿੱਚ ਗਦਗਦ ਹੋ ਉਠਦਾ ਹੈ, ਅਤੇ ਹੋਰ ਮਿਹਨਤ 'ਤੇ ਲਗਨ ਨਾਲ ਮਰੀਜ਼ਾਂ ਨੂੰ ਦਵਾਈ ਦੇ ਕੇ ਠੀਕ ਕਰਦਾ ਹੈ।

ਬਹੁਤੇ ਲੋਕਾਂ ਨੂੰ ਹਾਲੇ ਵੀ ਨਹੀਂ ਪਤਾ ਕਿ ਹੈਮਿਓਪੈਥਿਕ ਕੀ ਹੈ ਜਾਂ ਫਿਰ ਹੈਮਿਓਪੈਥਿਕ ਇਲਾਜ ਦਾ ਢੰਗ ਕੀ ਹੈ, ਇਹ ਕਿੱਥੋ ਮਿਲਦੀ ਹੈ।ਹੈਮਿਓਪੈਥਿਕ ਇਲਾਜ ਦਾ ਉਹ ਢੰਗ ਹੈ, ਜੋ ਸਿਮਲੀਆ ਸਿਮਲੀਵੱਸ ਕਿਊਰੈਟਰ ਦੇ ਅਧਾਰ ਤੇ ਹੈ, ਜਿਸ ਤਰ੍ਹਾਂ ਜਹਿਰ-ਜਹਿਰ ਨੂੰ ਮਾਰਦੀ ਹੈ,



ਲੋਹਾਂ ਲੋਹੇ ਨੂੰ ਮਾਰਦਾ ਹੈ, ਉਸੇ ਤਰ੍ਹਾਂ ਇਹ ਦਵਾਈ ਤੰਦਰੁਸਤ ਇਨਸਾਨ ਉਪਰ ਜੋ ਆਪਣਾ ਅਸਰ ਛੱਡਦੀ ਹੈ, ਉਹ ਬਿਮਾਰੀ ਦੀ ਹਾਲਤ ਵਿੱਚ ਇਹਨਾਂ ਅਲਾਮਤਾਂ ਨੂੰ ਠੀਕ ਵੀ ਕਰਦੀ ਹੈ, ਹੈਮਿਓਪੈਥਿਕ ਵਰਗੀ ਹੋਰ ਕੋਈ ਅਸਰਦਾਰ ਦਵਾਈ ਹੋਰ ਪੈਥੀਆਂ ਵਿੱਚ ਦੁਨੀਆਂ ਭਰ ਵਿੱਚ ਹੋ ਹੀ ਨਹੀਂ ਸਕਦੀ, ਹੈਮਿਓਪੈਥਿਕ ਵਿੱਚ ਡਾਕਟਰ ਰੋਗੀ ਨੂੰ ਅਲੱਗ ਅੱਲਗ ਹਿੱਸਿਆ ਵਿੱਚ ਨਹੀਂ ਦੇਖਦਾ ਨਹੀਂ ਸਗੋਂ ਰੋਗੀ ਦੀਆਂ ਸਾਰੀਆਂ ਅਲਾਮਤਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਹੈਮਿਓਪੈਥਿਕ ਦਾ ਸਿਧਾਂਤ ਹੈ ਕਿ ਰੋਗ ਨਾਲੋਂ ਰੋਗੀ ਦੀ ਜਿਆਦਾ ਰੋਗੀ ਦੀ ਜਿਆਦਾ ਦੇਖਭਾਲ ਕੀਤੀ ਜਾਵੇ, ਰੋਗੀ ਵਿੱਚ ਜੋ ਮਾਨਸ਼ਿਕ, ਸਰੀਰਿਕ ਤਬਦੀਲੀਆਂ ਡਾਕਟਰ ਨੂੰ ਨਜ਼ਰ ਆਉਂਦੀਆਂ ਹਨ, ਜਾਂ ਅਨੁਭਵ ਕੀਤੀਆਂ ਜਾਂਦੀਆਂ ਹਨ, ਉਹੀ ਹੈਮਿਓਪੈਥਿਕ ਡਾਕਟਰ ਨੂੰ ਦਵਾਈ ਦੀ ਚੋਣ ਕਰਨ ਵਿੱਚ ਸਹਾਈ ਸਿੱਧ ਹੁੰਦੀਆਂ ਹਨ ਆਮ ਤੌਰ ਤੇ ਲੋਕਾਂ ਵਿੱਚ ਇਹੋ ਧਾਰਨਾ ਹੈ ਕਿ ਹੋਮਿਓਪੈਥੀ ਡਾਕਟਰ ਰੋਗੀ ਤੋਂ ਵੱਧ ਸਵਾਲ-ਜਵਾਬ ਕਰਦੇ ਹਨ, ਪਰ ਇਹ ਸਵਾਲ ਜਵਾਬ ਬਹੁਤ ਜਰੂਰੀ ਹੁੰਦੇ ਹਨ, ਕਿਉਂਕਿ ਇਸ ਨਾਲ ਹੀ ਰੋਗੀ ਦੀਆਂ ਸਾਰੀਆ ਅਲਾਮਤਾਂ ਨੂੰ ਦੇਖਦੇ ਹੋਏ, ਡਾਕਟਰ ਦਵਾਈ ਨੂੰ ਬਹੁਤ ਬਹੁਤ ਸੁਕਸਮ ਰੂਪ ਵਿੱਚ ਦਿੰਦਾ ਹੈ, ਕਿਉਂ ਕਿ ਬਿਮਾਰੀ ਜੋ ਬਾਹਰੋਂ ਸਾਨੂੰ ਦਿਖਾਈ ਦਿੰਦੀ ਹੈ, ਉਹ ਉਸਦਾ ਅਸਲੀ ਰੂਪ ਨਹੀਂ ਹੁੰਦਾ, ਸਗੋਂ ਅਸਲੀ ਰੋਗ ਤਾਂ ਰੋਗੀ ਦੇ ਮਨ ਤੋਂ ਪੈਦਾ ਹੋ ਕੇ ਬਾਅਦ ਵਿੱਚ ਸਰੀਰ ਵਿੱਚ ਜਾਂਦਾ ਹੈ, ਮਨ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਸੁਕਸਮ ਹੁੰਦੀਆਂ ਹਨ, ਕਿਉਂਕਿ ਮਨ ਸੁਕਸਮ ਹੁੰਦਾ ਹੈ। ਜਦੋਂ ਤੱਕ ਦਵਾਈ ਸੁਕਸਮ ਨਾ ਹੋਵੇ, ਉਹ ਰੋਗ ਦੀ ਜੜ੍ਹ ਤੱਕ ਨਹੀਂ ਪਹੁੰਚਦਾ ਹੈਮਿਓਪੈਥਿਕ ਰੋਗ ਅਧਾਰਿਤ ਦਵਾਈ ਨਹੀਂ ਸਗੋਂ ਰੋਗੀ ਅਧਾਰਿਤ ਹੈ, ਭਾਵ ਕਿ ਕਿਸੇ ਰੋਗੀ ਨੂੰ ਬੁਖਾਰ ਹੋ ਗਿਆ, ਉਸ ਦੀ ਦਵਾਈ ਦੂਸਰਾ ਬੁਖਾਰ ਵਾਲਾ ਰੋਗੀ ਨਹੀਂ ਖਾ ਸਕਦਾ, ਦੂਸਰੇ ਰੋਗੀ ਦੀ ਦਵਾਈ ਅਲੱਗ ਹੁੰਦੀ ਹੈ, ਉਸ ਦੀਆਂ ਅਲਾਮਤਾਂ ਨੂੰ ਧਿਆਨ ਵਿੱਚ ਰੱਖ ਦੇ ਹੋਏ ਤਿਆਰ ਕੀਤੀ ਜਾਂਦੀ ਹੈ, ਡਾਕਟਰ ਜਿੰਨਾ ਵੀ ਦਵਾਈ ਨੂੰ ਸੁਕਸਮ ਰੂਪ ਵਿੱਚ ਦਿੰਦੇ ਹਨ, ਉਨੀ ਹੀ ਉਸ ਦਵਾਈ ਦੀ ਤਾਕਤ ਵੱਧ ਹੁੰਦੀ ਹੈ, ਦੁਨੀਆਂ ਪੱਧਰ ਤੇ ਘੱਟ ਗਿਆਨ ਰੱਖਣ ਵਾਲੇ ਲੋਕ ਇਸ ਦਵਾਈ ਨੂੰ ਮਿੱਠੀਆਂ ਗੋਲੀਆਂ ਹੀ ਸਮਝਦੇ ਹੋਏ ਮਜਾਕ ਉਡਾਉਂਦੇ ਸਨ। ਉਹਨਾਂ ਦਾ ਮੰਨਣਾ ਸੀ ਕਿ ਇਹਨਾਂ ਦਵਾਈਆਂ ਨਾਲ ਇਹ ਕਿਵੇਂ ਹੋ ਸਕਦਾ ਕਿ ਰੋਗੀ ਨੂੰ ਮਿੱਠੀਆਂ ਗੋਲੀਆਂ ਠੀਕ ਕਰ ਸਕਣ, ਪਰ ਅੱਜ ਸਾਇੰਸ ਨੇ ਇਹ ਗੱਲ ਭਲੀਭਾਂਤ ਮੰਨ ਲਈ ਹੈ ਕਿ ਜਦੋਂ ਕਿਸੇ ਵੀ ਦਵਾਈ ਨੂੰ ਵੱਡੇ ਘੋਲ ਵਿੱਚ ਮਿਲਾ ਕੇ ਝਟਕੇ ਦੇ ਦੇ ਕੇ ਕੀ ਬਣਾਇਆ ਜਾਂਦਾ ਹੈ ਤਾਂ ਉਸ ਵਿੱਚ ਬਿਜਲੀ ਵਰਗੀ ਤਾਕਤ ਪੈਦਾ ਹੋ ਜਾਂਦੀ ਹੈ, ਜਿਸ ਕਰਕੇ ਹੈਮਿਓਪੈਥਿਕ ਦੀਆਂ ਸੁਕਸਮ ਦਵਾਈਆਂ ਵਿੱਚ ਬਹੁਤ ਵੱਡੀ ਤਾਕਤ ਹੁੰਦੀ ਹੈ। ਇਹ ਦਵਾਈਆਂ ਵੱਡੇ ਤੋਂ ਵੱਡੇ ਰੋਗਾਂ ਨੂੰ ਠੀਕ ਕਰਨ ਲਈ ਵੱਡੀ ਤਾਕਤ ਰੱਖਦੀਆਂ ਹਨ, ਪਰ ਅਫਸੋਸ ਹੈਮਿਓਪੈਥਿਕ ਦੇ ਜਨਮ ਦਾਤਾ ਡਾਕਟਰ ਸੈਮਿਊਲ ਹੈਨੇਮਨ (ਜਰਮਨੀ) ਦੀ ਇਸ ਖੋਜ ਨੂੰ ਮੰਨਣ ਲਈ 160 ਸਾਲਾਂ ਤੋਂ ਉਪਰ ਦਾ ਸਮਾਂ ਸਾਡੇ ਲੋਕਾਂ ਨੇ ਲਗਾ ਦਿੱਤਾ ਹੈ, ਹੁਣ ਹੋਮਿਓਪੈਥੀ ਦੁਨੀਆਂ ਪੱਧਰ ਤੇ ਫੈਲ ਚੁੱਕੀ ਹੈ, ਲੋਕਾਂ ਨੂੰ ਪਤਾ ਲੱਗ ਚੁੱਕਾ ਹੈ, ਕਿ ਲਾ-ਇਲਾਜ ਰੋਗੀਆਂ ਨੂੰ ਸਿਰਫ ਹੈਮਿਓਪੈਥਿਕ ਦਵਾਈ ਹੀ ਠੀਕ ਕਰ ਸਕਦੀ ਹੈ, ਜਿਸ ਕਾਰਨ ਅੱਜ ਕੱਲ੍ਹ ਅਯੂਰਵੈਦਿਕ ਅਤੇ ਐਲੋਪੈਥੀ ਡਾਕਟਰਾਂ ਦਾ ਝੁਕਾਓ ਵੀ ਹੁਣ ਹੈਮਿਓਪੈਥਿਕ ਵੱਲ ਵਧ ਰਿਹਾ ਹੈ, ਕਿਉਂਕਿ ਹੈਮਿਓਪੈਥਿਕ ਦਵਾਈ ਤੁਰੰਤ ਅਸਰ ਕਰਦੀ ਹੋਈ, ਰੋਗੀ ਐਲੋਪੈਥੀ ਤੇ ਦੇਸ਼ੀ ਦਵਾਈਆਂ ਨਾਲੋਂ ਬਹੁਤ ਜਲਦੀ ਠੀਕ ਹੀ ਨਹੀਂ ਕਰਦੀ ਸਗੋਂ ਇਸ ਦਾ ਕੋਈ ਸਾਈਇਫੈਕਟ ਨਹੀਂ ਹੁੰਦਾ, ਤੇ ਇਹ ਰੋਗੀ ਨੂੰ ਤੁਰੰਤ ਅਸਰ ਕਰਦੀ ਹੋਈ ਜਲਦੀ ਠੀਕ ਕਰਦੀ ਹੈ, ਜੋ ਰੋਗ ਵੱਡੇ ਵੱਡੇ ਹਸਪਤਾਲਾਂ ਵਿੱਚ ਮਹਿੰਗੇ ਭਾਅ ਲੱਖਾਂ ਦੇ ਹਿਸਾਬ ਨਾਲ ਅਪ੍ਰੇਸ਼ਨ ਕਰਨ 'ਤੇ ਠੀਕ ਹੁੰਦੇ ਹਨ, ਉਹ ਹੋਮਿਓਪੈਥੀ ਦਵਾਈ ਨਾਲ ਸਸਤੇ ਰੇਟਾਂ ਵਿੱਚ ਠੀਕ ਹੁੰਦੇ ਹਨ, ਇਹੋ ਕਾਰਨ ਹੈ ਕਿ ਹੈਮਿਓਪੈਥਿਕ ਦੁਨੀਆਂ ਪੱਧਰ ਤੇ ਕਾਰਗਰ ਸਿੱਧ ਹੁੰਦੀ ਹੋਈ ਬੜੀ ਤੇਜੀ ਨਾਲ ਫੈਲ ਰਹੀ ਹੈ।

## ਆਓ ਜਾਣੀਏ ਕੀ ਹੁੰਦੀ ਹੈ ਸੱਚੀ ਦੋਸਤੀ

ਦੋਸਤੋ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ।ਜੋ ਇਕੱਲਾ ਨਹੀਂ ਰਹਿ ਸਕਦਾ।ਉਹ ਰੋਜ਼ਾਨਾ ਹੀ ਅਨੇਕਾਂ ਰਿਸ਼ਤਿਆਂ ਵਿੱਚੋਂ ਦੀ ਗੁਜ਼ਰਦਾ ਹੈ ਤੇ ਵਿਚਰਦਾ ਹੈ ।ਇਹਨਾਂ ਵਿੱਚੋਂ ਹੀ ਇੱਕ ਸੱਚਾ-ਸੁੱਚਾ ਰਿਸ਼ਤਾ ਹੈ ਦੋਸਤੀ।ਇੱਕ ਸੱਚਾ ਦੋਸਤ ਦਾ ਅਰਥ-ਇੱਕ ਦੂਜੇ ਦਾ ਸਾਥ ਦੇਣਾ।

ਇਕ ਚੰਗਾ ਦੋਸਤ ਦੋਸਤ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਨਿਭਾਉਂਦਾ ਹੈ ਅਤੇ ਦਿਲੋ ਫ਼ਿਕਰ ਕਰਦਾ ਹੈ। ਦੋਸਤੋ ਜੇਕਰ ਰਿਸ਼ਤਾ ਇੱਕ ਤਰਫ਼ਾਂ ਹੋਵੇਗਾ ਉਸ ਵਿੱਚ ਸਿਵਾ ਦੁੱਖਾਂ ,ਹੋਕਿਆਂ ਤੇ ਰੋਣ ਤੋ ਬਿਨਾਂ ਪੱਲੇ ਕੁੱਝ ਨਹੀਂ ਪਵੇਗਾ।ਸੱਚੀ ਦੋਸਤੀ ਇਕ ਤਰਫ਼ੀ ਨਹੀਂ, ਸਗੋਂ ਦੋ ਤਰਫ਼ੀ ਹੁੰਦੀ ਹੈ। ਦੋਸਤ ਇੱਕ ਦੂਜੇ ਨੂੰ ਸਮਝਦੇ ਹਨ।ਅਜਿਹੀ ਦੋਸਤੀ ਕਰਮਾਂ ਵਾਲਿਆ ਨੂੰ ਨਸ਼ੀਬ ਹੁੰਦੀ ਹੈ। ਪਰ ਅਜਿਹੀ ਦੋਸਤੀ ਦਾ ਫਲ ਮਿੱਠਾ ਹੁੰਦਾ ਹੈ।ਇਨਸਾਨ ਦੀ ਜ਼ਿੰਦਗੀ ਵਿੱਚ ਦੋਸਤ ਹੋਣਾ ਬਹੁਤ ਜ਼ਰੂਰੀ ਹੈ।ਹਰ ਇੱਕ ਇਨਸਾਨ ਨੂੰ ਕੋਈ ਨਾ ਕੋਈ ਚੰਗਾ ਦੋਸਤ ਜ਼ਰੂਰ ਬਣਾਉਣਾ ਚਾਹੀਦਾ ਹੈ।ਦੋਸਤੀ ਉਹ ਪਰਿਵਾਰ ਹੈ ਜਿਸ ਨੂੰ ਅਸੀਂ ਆਪਣੀ ਜ਼ਿੰਦਗੀ ਵਿਚ ਚੁਣ ਸਕਦੇ ਹਾਂ ਜਿਸ ਨਾਲ ਅਸੀਂ ਦੁੱਖ ਅਤੇ ਖੁਸ਼ੀਆਂ ਸਾਂਝੀਆਂ ਕਰਦੇ ਹਾਂ।ਦੋਸਤੀ ਕਦੇ ਵੱਡੀ ਨਹੀਂ ਹੁੰਦੀ, ਦੋਸਤੀ ਨਿਭਾਉਣ ਵਾਲੇ ਹਮੇਸ਼ਾ ਵੱਡੇ ਹੁੰਦੇ ਹਨ।ਇਨਸਾਨ ਕਈ ਤਰ੍ਹਾਂ ਦੀ ਦੋਸਤੀ ਕਰਦਾ ਹੈ ਜਿਵੇ ਕਿ ਕਿਤਾਬਾਂ ਨਾਲ ,ਕਲਮ ਨਾਲ ,ਪਸ਼ੂਆਂ ਪੰਛੀਆਂ ਆਦਿ ।ਪਰ ਜਿਆਦਾ ਦੋਸਤੀ ਦਾ ਅਸਰ ਮਨੁੱਖਤਾ ਨਾਲ ਹੈ ਜਿਸ ਨਾਲ ਉਹ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦਾ ਹੈ।ਕਹਿੰਦੇ ਹਨ ਕਿ ਦੋਸਤੀ ਦੁੱਖ ਨੂੰ ਅੱਧਾ ਅਤੇ ਸੁੱਖ ਨੂੰ ਦੋ-ਗੁਣਾ ਕਰ ਦਿੰਦੀ ਹੈ । ਦੋਸਤੋ ਮੁਸੀਬਤ ਵਿੱਚ ਹੋਵੇ ਤਾਂ ਮੂੰਹ ਨਾਂ ਮੋੜੋ ਸਗੋ ਰੱਬ ਦਾ ਰੂਪ ਬਣ ਕੇ ਮੱਦਦ ਕਰੋ ਤਾਂ ਕੇ ਜ਼ਿੰਦਗੀ ਵਿੱਚ ਦੋਸਤੀ ਤੇ ਮਾਣ ਹੋਵੇ।ਦੋਸਤੀ ਲਈ ਹਮੇਸਾ ਦਿਲ ਖੁੱਲ੍ਹਾ ਰੱਖੋ ਅਜਿਹਾ ਕਰਨ ਨਾਲ ਦੋਸਤੀ ਹੋਰ ਵੀ ਗੂੜ੍ਹੀ ਹੁੰਦੀ ਹੈ। ਜੇਕਰ ਬਿਨਾ ਕਿਸੇ ਲਾਲਚ ਇੱਛਾ ਦੇ ਬਿਨਾ ਸਰਤ ਦੇ ਦੋਸਤਾਂ ਦੀ ਮਦਦ ਕਰੋਗੇ ਤਾਂ ਉਹ ਤੁਹਾਡੇ ਵੱਲ ਖਿੱਚੇ ਚਲੇ ਆਉਣਗੇ। ਦੋਸਤੀ ਲਈ ਬਹੁਤ ਸਮਾਂ ਅਤੇ ਪਿਆਰ ਦੇਣਾ ਚਾਹੀਦਾ ਹੈ ਕਿਉਕਿ ਹਰ ਰਿਸ਼ਤਾ ਸਮਾਂ ਮੰਗਦਾ ਹੈ ।ਇੱਕ ਚੰਗਾ ਦੋਸਤ ਬਣਾਉਣ ਲਈ ਪਹਿਲਾਂ ਖੁਦ ਚੰਗੇ ਦੋਸਤ ਬਣਨਾ ਪਵੇਗਾ। ਇਹ ਗੱਲ ਸੱਚ ਹੈ ਕਿ ਦੋਸਤ ਗ਼ਲਤੀਆਂ ਕਰਦੇ ਹਨ ਉਸ ਸਮੇਂ ਲੜਾਈ ਝਗੜਾ ਵੀ ਹੋ ਜਾਂਦਾ ਹੈ ਗਿਲੇ-ਸ਼ਿਕਵੇ ਪੈਦਾ ਹੁੰਦੇ ਹਨ, ਤਾਂ ਸਾਨੂੰ ਉਨ੍ਹਾਂ ਨਾਲ ਝਟ ਸੁਲ੍ਹਾ ਕਰ ਲੈਣੀ ਚਾਹੀਦੀ ਹੈ ਅਤੇ ਦੁਬਾਰਾ ਉਹ ਗੱਲ ਛੇੜਨੀ ਨਹੀਂ ਚਾਹੀਦੀ।"ਗੱਲ ਉੱਤੇ ਮਿੱਟੀ ਪਾਉਣੀ ਚਾਹੀਦੀ ਹੈ।ਖੁਸ ਰਹਿਣ ਦਾ ਬਸ ਇਹੀ ਤਰੀਕਾ ਏ ਕਿ ਜਿੱਦਾਂ ਦੇ ਵੀ ਹਾਲਾਤ ਹੋਣ ਉਸ ਨਾਲ ਦੋਸਤੀ ਕਰ ਲਉ ।ਹਾਲਾਤ ਆਪਣੇ ਆਪ ਖਤਮ ਹੋ ਜਾਣਗੇ ।ਦੋਸਤੀ ਉਹਨਾ ਨਾਲ ਕਰੋ ਜੋ ਤੁਹਾਡੀ ਕਦਰ ਕਰਦੇ ਹਨ।ਸਹੀ ਦੋਸਤ ਦੀ ਪਹਿਚਾਣ ਕਰਨਾ ਸਿੱਖੋ।ਧੋਖੇਬਾਜ਼ ਚਾਲ ਬਾਜ ਦੋਸਤ ਤੋ ਹਮੇਸ਼ਾ ਦੂਰ ਰਹੋ।ਇੱਕ ਗੱਲ ਹਮੇਸ਼ਾ ਯਾਦ ਰੱਖਿਓ ਜਿਸ ਇਨਸਾਨ ਨੂੰ ਤੁਹਾਡੇ ਨਾਲ ਗੱਲ ਕਰਨ ਜਾ ਨਾ ਕਰਨ ਦਾ ਕੋਈ ਫਰਕ ਨਹੀਂ ਪੈਂਦਾ ਉਹ ਕਦੇ ਵੀ ਤੁਹਾਡਾ ਦੋਸਤ ਨਹੀਂ ਹੋ ਸਕਦਾ।ਜੋ ਵਿਅਕਤੀ ਤੁਹਾਡੇ ਨਾਲ ਬੋਲਣ ਚੱਲਣ ਜਾ ਤੁਰਨ ਫਿਰਨ ਵਿੱਚ ਸ਼ਰਮ ਮਹਿਸੂਸ ਕਰਦਾ ਹੈ ਤਾਂ ਉਹ ਕਦੇ ਵੀ ਤੁਹਾਡਾ ਦੋਸਤ ਨਹੀਂ ਹੋ ਸਕਦਾ।ਜੋ ਇਨਸਾਨ ਤੁਹਾਡੇ ਪਿੱਠ ਪਿੱਛੇ ਚੁਗ਼ਲੀ ਕਰੇ ,ਮਜ਼ਾਕ ਬਣਾਵੇ ਤੇ ਤੁਹਾਡੇ ਮੂੰਹ 'ਤੇ ਬੜਿਆਈ ਕਰੇ ਅਜਿਹੇ ਵਿਅਕਤੀ ਤੋਂ ਦੂਰ ਰਹੋ। ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ ਕਿ ਦੂਸਰੇ ਤੁਹਾਡੇ ਨਾਲ ਪੇਸ਼ ਆਉਣ, ਤੁਸੀਂ ਵੀ ਉਨ੍ਹਾਂ ਨਾਲ ਉਸੇ ਤਰ੍ਹਾਂ ਪੇਸ਼ ਆਓ। ਤੁਸੀ ਦੂਸਰਿਆਂ ਨੂੰ ਪਿਆਰ ਦਿੰਦੇ ਰਹੋ, ਤਾਂ ਲੋਕ ਤੁਹਾਨੂੰ ਵੀ ਦੇਣਗੇ।ਤੁਹਾਡੇ ਨਾਲ ਦੋਸਤੀ ਕਰਨਾ ਪਸੰਦ ਕਰਨਗੇ ।ਸੱਚੇ ਦੋਸਤ ਦੀ ਇੱਕ ਖ਼ਾਸੀਅਤ ਇਹ ਹੁੰਦੀ ਹੈ ਉਹ ਸਾਰੀ ਗੱਲ ਸਾਫ਼ ਸਾਫ ਮੂੰਹ 'ਤੇ ਕਹਿਣ ਦਾ ਹੌਸਲਾ ਰੱਖਦਾ ਹੈ ਕਦੇ ਵੀ ਲੁਕੋ ਨਹੀਂ ਰੱਖਦਾ ਨਾ ਹੀ ਕਦੇ ਝੂਠ ਬੋਲਦਾ ਹੈ।ਇੱਕ ਸੱਚਾ ਦੋਸਤ ਹਮੇਸ਼ਾ ਸੱਚ-ਸੱਚ ਦੱਸੇਗਾ ਕਿਉਂਕਿ ਉਹ ਤੁਹਾਡਾ ਭਲਾ ਚਾਹੁੰਦਾ ਹੈ। ਇਕ ਸੱਚਾ ਦੋਸਤ ਹਮੇਸ਼ਾ ਕਿਸੇ ਵੀ ਸਥਿਤੀ ਵਿਚ ਤੁਹਾਡਾ ਸਾਥ ਦੇਵੇਗਾ ਅਤੇ ਤੁਹਾਡੇ ਪੱਖ ਵਿੱਚ ਵੀ ਫੈਸਲੇ ਲਵੇਗਾ, ਆਪਣੀ ਰਾਏ ਦੇਵੇਗਾ।

ਦੋਸਤੋ ਸਾਰਿਆ ਨਾਲ ਦੋਸਤੀ ਕਰੋ ਮਿਲਵਰਤਨ ਕਰੋ।ਕਿਸੇ ਨਾਲ ਵੀ ਵਿਤਕਰਾ ਨਾ ਕਰੋ ।ਬਿਨਾਂ ਭੇਦਭਾਵ ਕੀਤੇ ਸਭ ਨੂੰ ਆਪਣੇ ਦੋਸਤ ਬਣਾਓ, ਤਾਂ ਦਿਲ ਨੂੰ ਆਤਮਿਕ ਸ਼ਾਂਤੀ ਤੇ ਖ਼ੁਸ਼ੀ ਮਿਲ ਸਕੇ ਅਤੇ ਦੂਜਿਆਂ ਦੀਆਂ ਨਜ਼ਰਾਂ ਵਿਚ ਹਰਮਨ ਪਿਆਰੇ ਬਣ ਸਕੀਏ।ਆਓ ਸਾਰੇ ਆਪਾ ਵੀ ਪ੍ਰਣ ਕਰੀਏ ਕਿ ਹਮੇਸ਼ਾ ਦੋਸਤੀ ਵਿੱਚ ਵਫ਼ਾਦਾਰੀ ਨਿਭਾਈਏ ਤੇ ਇੱਕ ਸੱਚੇ ਦੋਸਤ ਬਣ ਕੇ ਦੋਸਤੀ ਦੀ ਮਿਸਾਲ ਕਾਇਮ ਕਰੀਏ ।

ਗਗਨਦੀਪ ਕੌਰ ਧਾਲੀਵਾਲ।

Century 21
President Realty Inc
Brokerage*
Independently Owned and Operated.

Jagdish Grewal
Sales Repersentative

Call Now: (416)-970-5005

Email: Jagdish@grewalhomes.com

ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ






Main & Vodden

2+1 ਬੈੱਡਰੂਮ ਬੰਗਲੋ 40x125 Sqft
ਗੋ ਟਰਾਂਸਿਟ ਅਤੇ ਸਕੂਲ ਵਾਕਿੰਗ
ਡਿਸਟੈਂਸ ਤੇ,ਅਤੇ ਹੋਰ ਵੀ ਬਹੁਤ
ਸਾਰੀਆਂ ਸਹੂਲਤਾਂ ਦੇ ਨੇੜੇ !
ਕੀਮਤ $599,900




Bramalea And Avondale

3 + 1 ਬੈੱਡਰੂਮ ਘਰ ਦੇ ਵਿਚਕਾਰ ਬਿਲਟ
ਇਨ ਫੈਮਿਲੀ ਸਾਈਜ ਕਿਚਨ ਅਪਗ੍ਰੇਡ ਤੇ ਹਜਾਰਾਂ ਡਾਲਰ
ਖਰਚ ਕੀਤੇ ਹੋਏ ,ਸਕੂਲ , ਸ਼ੋਪਿੰਗ ਮਾਲ ਅਤੇ ਬੱਸ ਸਰਵਿਸ
ਦੇ ਨੇੜੇ !
ਕੀਮਤ $ 859,900




Hwy 10/ Col Phillip

4+1 ਬੈੱਡਰੂਮ,2800 sqft. ਡਬਲ ਡੋਰ ਐਂਟਰੀ ,ਵੱਖਰੇ
ਲਿਵਿੰਗ ਰੂਮ & ਫੈਮਿਲੀ ਰੂਮ ,ਮੀਡਿਆ ਰੂਮ,
ਅਪਗ੍ਰੇਡ ਲਾਈਟ ਫਿਕਸਚਰ !
ਕੀਮਤ $ 899,000




Mavis & Derry

3 +2 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ
ਹੋਈ ਬੇਸਮੈਂਟ,ਵਾਕਆਉਟ ਵੱਡਾ ਯਾਰਡ ,ਨਵੀ
ਕਿਚਨ, ਸਕੂਲ , ਸ਼ੋਪਿੰਗ ਮਾਲ ਅਤੇ ਬੱਸ ਸਰਵਿਸ
ਦੇ ਨੇੜੇ !
ਕੀਮਤ $ 980,000




Wanless Dr/ Van Kirk Dr

4+ 2 ਬੈੱਡਰੂਮ detached ਘਰ, 3500 sqft.,ਵਾਕਆਉਟ
ਬੇਸਮੈਂਟ,ਸੈਪਰੇਟ ਲਿਵਿੰਗ ਰੂਮ ,ਫੋਰਮਲ ਡਾਈਨਿੰਗ ਰੂਮ,
ਫੈਮਿਲੀ ਰੂਮਅਤੇ ਫਾਇਰਪ੍ਲੇਸ, ਗਰੇਨਾਇਟ ਕਾਉਂਟਰ,ਨਵਾਂ ਰੰਗ
ਕੀਤਾ ਹੋਇਆ,
ਕੀਮਤ $ 1,299,900.

Buying / Selling / Investing In Real Estate

Free Market Evaluation

For More Listings Contact Now !!

(416) 970-5005

www.vipcondonetwork.com

80 Maritime Ontario Blvd #246 Brampton , ON, L6S 0E7 Call:905-488-2100 Fax: 905-488-2102





# ਸ਼੍ਰੋਮਣੀ ਕਮੇਟੀ ਵੱਲੋਂ 37 ਸਾਲ ਬਾਅਦ ਜੂਨ 1984 ਦਾ ਦਰਦ ਮੁੜ ਉਭਾਰਨਾ ਵਿਵਾਦਾਂ ਵਿੱਚ ਆਇਆ

ਅੰਮ੍ਰਿਤਸਰ, 7 ਜੂਨ (ਪੋਸਟ ਬਿਊਰੋ)- ਸ੍ਰੀ ਹਰਮੰਦਰ ਸਾਹਿਬ ਵਿੱਚ ਹੋਏ ਜੂਨ 1984 ਦੇ ਅਪਰੇਸ਼ਨ ਬਲਿਊ ਸਟਾਰਤੋਂ 37 ਸਾਲ ਬੀਤਣ ਦੇ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਿਰ ਉਹ ਜ਼ਖਮ ਉਭਾਰਨ ਦੀ ਕੋਸ਼ਿਸ਼ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ। ਪੰਥਕ ਧਿਰਾਂ ਵਿੱਚ ਇਹ ਚਰਚਾ ਜ਼ੋਰਾਂ ਉੱਤੇ ਚੱਲ ਪਈ ਹੈ ਕਿ 37 ਸਾਲ ਬਾਅਦ ਸ਼੍ਰੋਮਣੀ ਕਮੇਟੀ ਨੂੰ ਜੂਨ 84 ਦਾ ਦਰਦ ਇੱਕਦਮ ਕਿਉਂ ਯਾਦ ਆ ਗਿਆ? ਇਸ ਦਾ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਸਾਰੀ ਕਾਰਵਾਈ ਸ਼੍ਰੋਮਣੀ ਅਕਾਲੀ ਦਲ ਦੇ ਕਹਿਣ ਉੱਤੇ ਕੀਤੀ ਦਾ ਰਹੀ ਹੈ ਤਾਂ ਜੋ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਦੇ ਦਿਲਾਂ ਵਿੱਚ ਆਪਣੇ ਪ੍ਰਤੀ ਵਿਸ਼ਵਾਸ ਅਤੇ ਕਾਂਗਰਸ ਲਈ ਨਫ਼ਰਤ ਭਰੀ ਜਾ ਸਕੇ।

ਇਸ ਸੰਬੰਧ ਵਿੱਚ ਕੁਝ ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਵੱਲੋਂ ਇਸ ਸਾਰੀ ਕਾਰਵਾਈ ਨਾਲ ਇੱਕ ਤੀਰ ਨਾਲ ਤਿੰਨ ਨਿਸ਼ਾਨੇ ਲਾਉਣ ਦੀ ਗੱਲ ਕੀਤੀ ਗਈ ਹੈ, ਜਿਸ ਵਿੱਚ ਲੰਮੇ ਸਮੇਂ ਤੋਂ ਖਾਮੋਸ਼ ਰਹੇ ਗਿਆਨੀ ਗੁਰਮੁੱਖ ਸਿੰਘ ਨੂੰ ਭਰੋਸੇ ਵਿੱਚ ਲਿਆ ਜਾਣਾ ਹੈ, ਤਾਂ ਜੋ ਅਗਲੀਆਂ ਚੋਣਾਂ ਤੋਂ ਪਹਿਲਾਂ ਉਹ ਭਰੋਸੇ ਵਿੱਚ ਰਹਿਣ। ਅਕਾਲੀ ਦਲ ਲਈ ਭਰੋਸਾ ਅਤੇ ਕਾਂਗਰਸ ਲਈ ਨਫ਼ਰਤ ਪੈਦਾ ਕਰਨਾ, ਜਿਸਦਾ ਸਿੱਧਾ ਲਾਭ ਅਕਾਲੀ ਦਲ ਨੂੰ ਹੋਵੇਗਾ।

ਵਰਨਣ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ 72 ਘੰਟੇ ਦੇ ਨੋਟਿਸ ਉੱਤੇ ਸੱਦੀ ਗਈ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਪਿੱਛੋਂ ਪ੍ਰੈਸ ਨਾਲ ਗੱਲਬਾਤ ਦੌਰਾਨ ਪ੍ਰਧਾਨ ਬੀਬੀ ਜਗੀਰ ਕੌਰ ਦੇ ਚਿਹਰੇ ਉੱਤੇ ਦਰਦ ਝਲਕਣਾ ਵੀ ਸਵਾਲ ਪੈਦਾ ਕਰਦਾ ਸਮਝਿਆ ਗਿਆ ਹੈ। 5 ਜੂਨ ਦੀ ਤੈਅ ਮੀਟਿੰਗ ਤੋਂ ਪਹਿਲਾਂ 72 ਘੰਟੇ ਦੇ ਨੋਟਿਸ ਉੱਤੇ ਸੱਦੀ ਇਹ ਮੀਟਿੰਗ ਪੰਥਕ ਸੀ ਜਾਂ ਸਿਆਸੀ, ਇਸ ਉੱਤੇ ਵੀ ਚਰਚਾ ਚੱਲ ਪਈ ਹੈ ਕਿ ਇਹ ਏਜੰਡਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੈ ਜਾਂ ਬਾਦਲ ਅਕਾਲੀ ਦਲ ਦਾ, ਜਿਸ ਦੀ ਚਰਚਾ ਪੰਥਕ ਹਲਕਿਆਂ ਵਿੱਚ ਹੈ। ਜੂਨ 1984 ਦੇ ਜ਼ਖ਼ਮ ਹਰੇ ਰੱਖਣ ਦਾ ਏਜੰਡਾ ਹਮੇਸ਼ਾ ਗਰਮ ਖਿਆਲੀਆਂ ਦੇ ਜਿੰਮੇ ਪਾਇਆ ਜਾਂਦਾ ਰਿਹਾ ਹੈ। 6 ਜੂਨ 2020 ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਖ਼ਾਲਿਸਤਾਨ ਦੀ ਹਮਾਇਤ ਕਰਨੀ ਤੇ 6 ਜੂਨ 2021 ਦੇ ਸਮਾਗਮ ਤੋਂ ਪਹਿਲਾਂ 37 ਸਾਲ ਬੀਤਣ ਉੱਤੇ ਸ਼੍ਰੋਮਣੀ ਕਮੇਟੀ ਵੱਲੋਂ ਇਹ ਫ਼ੈਸਲਾ ਲੈਣਾ ਇਸ ਚਰਚਾ ਨੂੰ ਅੱਗੇ ਵਧਾ ਰਿਹਾ ਹੈ।

## 1000 ਕਰੋੜ ਦੇ ਨੁਕਸਾਨ ਦਾ ਮੁੱਦਾ:

# ਸ਼੍ਰੋਮਣੀ ਕਮੇਟੀ ਅਦਾਲਤ ਦੇ ਬਾਹਰ ਗੱਲ ਮੁਕਾਉਣ ਲਈ ਕੇਂਦਰ ਨਾਲ ਜਲਦੀ ਹੀ ਗੱਲਬਾਤ ਕਰੇਗੀ

ਅੰਮ੍ਰਿਤਸਰ, 7 ਜੂਨ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਆਪ੍ਰੇਸ਼ਨ ਬਲੂ ਸਟਾਰ ਦੇ ਸੰਬੰਧ ਵਿੱਚ ਦਾਇਰ ਕੀਤੇ ਗਏ 1000 ਕਰੋੜ ਰੁਪਏ ਦੇ ਨੁਕਸਾਨ ਦੀ ਪੂਰਤੀ (ਹਰਜਾਨਾ) ਕੇਸ ਦਾ ਅਦਾਲਤ ਤੋਂ ਬਾਹਰ ਨਿਪਟਾਰਾ ਕਰਨ ਲਈ ਜਲਦੀ ਹੀ ਕੇਂਦਰ ਸਰਕਾਰ ਨਾਲ ਗੱਲਬਾਤ ਸ਼ੁਰੂ ਕਰੇਗੀ।

ਵਰਨਣ ਯੋਗ ਹੈ ਕਿ ਇਹ ਕੇਸ ਐਸ ਜੀ ਪੀ ਸੀ ਦੇ ਸਾਬਕਾ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਮਾਰਚ 1985 ਵਿੱਚ ਦਿੱਲੀ ਹਾਈ ਕੋਰਟ ਵਿੱਚ ਦਾਇਰ ਕੀਤਾ ਸੀ, ਜਿਸ ਨੂੰ ਚੱਲਦਿਆਂ 30 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਅਦਾਲਤ ਦੇ ਹੁਕਮ ਪਿੱਛੋਂ ਦੋਵੇਂ ਧਿਰਾਂ 2019 ਤੋਂ ਇਹ ਕੇਸ ਅਦਾਲਤ ਦੇ ਬਾਹਰ ਨਿਪਟਾਉਣ ਲਈ ਤਿਆਰ ਹਨ, ਪਰ ਅਜੇ ਤੱਕ ਦੋਹਾਂ ਧਿਰਾਂ ਵਿੱਚ ਅਜੇ ਇੱਕ ਵੀ ਬੈਠਕ ਨਹੀਂ ਹੋ ਸਕੀ।ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਤੇ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਇਸ ਮੁੱਦੇ (ਜੋ ਕੋਰੋਨਾ ਮਹਾਮਾਰੀ ਕਾਰਨ ਟਲ ਗਿਆ ਸੀ) ਉੱਤੇ 2 ਜੂਨ ਨੂੰ ਹੋਈ ਕਾਰਜਕਾਰਨੀ ਬੈਠਕ ਵਿੱਚ ਚਰਚਾ ਪਿੱਛੋਂ ਤੈਅ ਹੋਇਆ ਕਿ ਆਪ੍ਰੇਸ਼ਨ ਬਲੂ ਸਟਾਰ ਦੀ ਬਰਸੀ ਪਿੱਛੋਂ ਇਸ ਬਾਰੇਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖੀ ਜਾਏਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮੁਕੱਦਮੇ ਦੀ ਸੁਣਵਾਈ ਦੇ ਦੌਰਾਨ ਅਦਾਲਤੀ ਫੀਸ ਵਜੋਂ 10 ਕਰੋੜ ਰੁਪਏ ਜਮ੍ਹਾ ਕਰਵਾ ਚੁੱਕੀ ਹੈ।

# ਨੌਜਵਾਨ ਦੀ ਕੁੱਟਮਾਰ ਕਰ ਕੇ ਪਿਸ਼ਾਬ ਪਿਆਇਆ

## * ਵੀਡੀਓ ਵਾਇਰਲ ਹੋਣ ਮਗਰੋਂ ਪੁਲਸ ਨੇ ਕੇਸ ਦਰਜ ਕੀਤਾ

ਆਦਮਪੁਰ ਦੋਆਬਾ, 7 ਜੂਨ (ਪੋਸਟ ਬਿਊਰੋ)- ਏਥੋਂ ਦੀ ਪੁਲਸ ਨੇ ਕੱਲ੍ਹ ਇੱਕ ਲੜਕੇ ਦੀ ਕੁੱਟਮਾਰ ਤੇ ਉਸ ਨੂੰ ਪਿਸ਼ਾਬ ਪਿਆਉਣ ਦੇ ਦੋਸ਼ ਹੇਠ 12 ਜਣਿਆਂ ਉੱਤੇ ਕੇਸ ਦਰਜ ਕੀਤਾ ਅਤੇ ਅਗਲੀ ਜਾਂਚ ਕਰ ਰਹੀ ਹੈ।

ਤਲਵੰਡੀ ਅਰਾਈਆਂ ਵਿੱਚ ਰਹਿੰਦੇ ਸ਼ੇਰ ਅਲੀ ਨੇ ਦੱਸਿਆ ਕਿ ਉਸ ਦੇ ਪੁੱਤਰ ਰਾਂਝੇ ਦੇ ਇੱਕ ਗੁੱਜਰ ਪਰਵਾਰ ਦੀ ਲੜਕੀ ਨਾਲ ਪ੍ਰੇਮ ਸੰਬੰਧ ਸਨ, ਪਰ ਲੜਕੀ ਦੇ ਪਿਤਾ ਨੇ ਲੜਕੀ ਦੀ ਮਰਜ਼ੀ ਦੇ ਖਿਲਾਫ ਉਸ ਦਾ ਵਿਆਹ ਕਰ ਦਿੱਤਾ ਸੀ। ਫਿਰ ਲੜਕੀ ਦੀ ਸਹੁਰੇ ਪਰਵਾਰ ਨਾਲ ਨਾ ਬਣਨ ਕਾਰਨ ਗੁੱਜਰ ਭਾਈਚਾਰੇ ਦੇ ਲੋਕਾਂ ਨੇ ਲੜਕੀ ਦਾ ਪੰਚਾਇਤੀ ਤਲਾਕ ਕਰਵਾ ਦਿੱਤਾ।ਸ਼ੇਰ ਅਲੀ ਨੇ ਦੱਸਿਆ ਕਿ ਤਿੰਨ ਜੂਨ ਨੂੰ ਉਸ ਦਾ ਲੜਕਾ ਰਾਂਝਾ ਦੁੱਧ ਦੇਣ ਜਾ ਰਿਹਾ ਸੀ ਤਾਂ ਜੰਡੂ ਸਿੰਘਾ ਨੇੜੇ ਕੁਝ ਲੋਕ ਉਸ ਦੀ ਕੁੱਟਮਾਰ ਕਰ ਕੇ ਉਸ ਨੂੰ ਬੁਢਿਆਣਾ ਵਿੱਚ ਇੱਕ ਗੁੱਜਰਾਂ ਦੇ ਡੇਰੇ ਉੱਤੇ ਲੈ ਗਏ। ਉਥੇ ਉਨ੍ਹਾਂ ਨੇ ਕੁਝ ਹੋਰ ਲੋਕਾਂ ਨਾਲ ਰਲ ਕੇ ਰਾਂਝੇ ਦੀ ਕੁੱਟਮਾਰ ਕੀਤੀ, ਅਪਸ਼ਬਦ ਵੀ ਬੋਲੇ ਅਤੇ ਉਸ ਨੂੰ ਪਿਸ਼ਾਬ ਪਿਆ ਕੇ ਵੀਡੀਓ ਵਾਇਰਲ ਕਰ ਦਿੱਤੀ।ਜਦੋਂ ਇਸ ਬਾਰੇ ਲੜਕੇ ਦੇ ਪਰਵਾਰ ਨੂੰ ਪਤਾ ਲੱਗਾ ਤਾਂ ਉਹ ਬੁਢਿਆਣਾ ਗਏ ਤੇ ਲੜਕੇ ਨੂੰ ਛੁਡਾ ਲਿਆਏ। ਇਸ ਪਿੱਛੋਂ ਉਨ੍ਹਾਂ ਆਦਮਪੁਰ ਪੁਲਸ ਨੂੰ ਸਾਰੀ ਘਟਨਾ ਦੱਸੀ। ਥਾਣਾ ਮੁਖੀ ਹਰਜਿੰਦਰ ਸਿੰਘ ਦੇ ਮੁਤਾਬਕ ਉਨ੍ਹਾਂ ਅਭੀ, ਸੇਫੂ, ਸ਼ਫੀ, ਲਾਲੂ, ਗੁਲਾਮ, ਕਾਊ, ਕਾਲੀ, ਨਜ਼ੀਰ, ਬਾਂਟੀ ਅਤੇ ਤਿੰਨ ਹੋਰਨਾਂ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਦੀ ਭਾਲ ਲਈ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਹਨ ਅਤੇ ਸਾਰਿਆਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

# ਦੋ ਸੜਕ ਹਾਦਸਿਆਂ ਵਿੱਚ ਚਾਰ ਨੌਜਵਾਨਾਂ ਦੀ ਮੌਤ



ਰਾਜਪੁਰਾ, 7 ਜੂਨ (ਪੋਸਟ ਬਿਊਰੋ)- ਰਾਜਪੁਰਾ-ਪਟਿਆਲਾ ਰੋਡ ਉੱਤੇ ਪਿੰਡ ਖੇੜੀ ਗੰਡਿਆਂ ਨੇੜੇ ਇੱਕ ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਥਾਣਾ ਖੇੜੀ ਗੰਡਿਆਂ ਦੀ ਥਾਣੇਦਾਰ ਪ੍ਰਦੀਪ ਕੌਰ ਨੇ ਦੱਸਿਆ ਕਿ ਨੌਜਵਾਨਾਂ ਦੇ ਪਿਤਾ ਮਨਜੀਤ ਸਿੰਘ ਵਾਸੀ ਗੁਰੂ ਨਾਨਕ ਨਗਰ ਪਟਿਆਲਾ ਅਤੇ ਗੁਰਨਾਮ ਸਿੰਘ ਵਾਸੀ ਚਿਨਾਰ ਬਾਗ ਪਟਿਆਲਾ ਨੇ ਬਿਆਨ ਦਿੱਤੇ ਹਨ ਕਿ ਦੋਵਾਂ ਦੇ ਪੁੱਤਰ ਤਰਨਜੀਤ ਸਿੰਘ (19) ਅਤੇ ਸੁਖਮਨਜੀਤ ਸਿੰਘ (19) ਆਪਣੇ ਹੋਰ ਤਿੰਨ ਦੋਸਤਾਂ ਨਾਲ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਗਏ ਸਨ ਅਤੇ ਦੇਰ ਰਾਤ ਪਟਿਆਲਾ ਆਏ ਸਨ। ਇਸ ਪਿੱਛੋਂ ਤਰਨਜੀਤ ਸਿੰਘ ਤੇ ਸੁਖਮਨਜੀਤ ਸਿੰਘ ਕਾਰ ਵਿੱਚ ਸਵਾਰ ਹੋ ਕੇ ਰਾਜਪੁਰਾ ਨੂੰ ਕਿਸੇ ਕੰਮ ਲਈ ਚਲੇ ਗਏ। ਜਦੋਂ ਉਹ ਸਵੇਰੇ ਛੇ ਵਜੇ ਦੇ ਕਰੀਬ ਰਾਜਪੁਰਾ-ਪਟਿਆਲਾ ਰੋਡ ਉੱਤੇ ਰਾਜਪੁਰਾ ਨੇੜੇ ਕਾਲੂ ਦੇ ਢਾਬੇ ਕੋਲ ਗਏ ਤਾਂ ਉਨ੍ਹਾਂ ਦੀ ਕਾਰ ਕਿਸੇ ਅਣਪਛਾਤੀ ਗੱਡੀ ਨਾਲ ਭਿੜ ਗਈ। ਇਸ ਹਾਦਸੇ ਵਿੱਚ ਦੋਵਾਂ ਨੌਜਵਾਨਾਂ ਦੀ ਮੌਤ ਹੋ ਗਈ। ਪੁਲਸ ਨੇ ਅਣਪਛਾਤੇ ਵਾਹਨ ਚਾਲਕ ਦੇ ਖਿਲਾਫ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਦੂਸਰੇ ਪਾਸੇ ਇੱਕ ਹੋਰ ਹਾਦਸੇ ਵਿੱਚ ਕੱਲ੍ਹ ਰਾਤ ਧੂਰੀ-ਲੁਧਿਆਣਾ ਸੜਕ ਉੱਤੇ ਕੇ ਆਰ ਬੀ ਐਲ ਕਾਰਖਾਨੇ ਨੇੜੇ ਵਾਪਰੇ ਭਿਆਨਕ ਸੜਕ ਹਾਦਸੇ ਵਿੱਚ ਕਾਰ ਸਵਾਰ ਦੋ ਨੌਜਵਾਨਾਂ ਦੀ ਮੌਤ ਹੋ ਗਈ ਹੈ। ਪਤਾ ਲੱਗਾ ਹੈ ਕਿ ਕਰੀਬ ਅੱਧੀ ਰਾਤ ਧੂਰੀ ਤੋਂ ਲੁਧਿਆਣਾ ਵੱਲ ਜਾਂਦੇ ਕਾਰ ਸਵਾਰਾਂ ਦੀ ਕਾਰ ਪਿੰਡ ਭਸੌੜ ਨੇੜੇ ਕੇ ਆਰ ਬੀ ਐਲ ਨੇੜੇ ਅੱਗੋਂ ਆਏ ਟਰੱਕ ਨਾਲ ਟਕਰਾ ਗਈ ਤੇ ਕਾਰ ਸਵਾਰ ਦੋ ਨੌਜਵਾਨਾਂ ਦੀ ਮੌਤ ਹੋ ਗਈ। ਦੋਵੇਂ ਨੌਜਵਾਨ ਆਪਣੇ ਕਿਸੇ ਸਾਥੀ ਦੀ ਖਬਰ ਲੈਣ ਜਾ ਰਹੇ ਸੀ। ਮ੍ਰਿਤਕਾਂ ਦੀ ਪਛਾਣ ਪਰਮਜੀਤ ਸਿੰਘ ਪੰਮਾ (24) ਪਿੰਡ ਅਲਾਲ (ਸ਼ੇਰਪੁਰ) ਤੇ ਸੁਖਵੀਰ ਸਿੰਘ (23) ਪਿੰਡ ਕਿਲ੍ਹਾ ਹਕੀਮਾਂ ਵਜੋਂ ਹੋਈ ਹੈ। ਸੁਖਵੀਰ ਸਿੰਘ ਆਪਣੇ ਪਿੱਛੇ ਪਤਨੀ ਅਤੇ ਚਾਰ-ਪੰਜ ਮਹੀਨਿਆਂ ਦੀ ਧੀ ਛੱਡ ਗਿਆ ਹੈ।

# ਜੂਆ ਐਕਟ ਵਿੱਚ ਫੜੀ 3.96 ਲੱਖ ਦੀ ਨਕਦੀ ਮਾਲਖਾਨੇ ਤੋਂ ਗਾਇਬ


ਬਠਿੰਡਾ, 7 ਜੂਨ (ਪੋਸਟ ਬਿਊਰੋ)- ਕਰੀਬ 14 ਸਾਲ ਪਹਿਲਾਂ 2007 ਵਿੱਚ ਬਠਿੰਡਾ ਦੀ ਪੁਲਸ ਨੇ ਛਾਪਾ ਮਾਰ ਕੇ ਜੂਆ ਖੇਡਣ ਵਾਲੇ ਕੁਝ ਲੋਕਾਂ ਨੂੰ ਫੜਿਆ ਅਤੇ ਉਨ੍ਹਾਂ ਕੋਲੋਂ 395, 890 ਰੁਪਏ ਨਕਦੀ ਬਰਾਮਦ ਕੀਤੀ ਸੀ। ਇਸ ਨਕਦੀ ਨੂੰ ਪੁਲਸ ਦੇ ਮਾਲਖਾਨੇ ਵਿੱਚ ਜਮ੍ਹਾਂ ਕਰਵਾਉਣ ਦੀ ਤਾਂ ਖੁਰਦ ਬੁਰਦ ਕਰ ਦਿੱਤਾ। ਜੂਆ ਖੇਡਣ ਦੇ ਦੋਸ਼ੀ ਨੇ ਜ਼ਮਾਨਤ ਲੈਣ ਤੋਂ ਬਾਅਦ ਪੁਲਸ ਵੱਲੋਂ ਫੜੀ ਗਈ ਨਕਦੀ ਦੀ ਸਪੁਰਦਗੀ ਲਈ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਦਿੱਤੀ ਤਾਂ ਸਾਰਾ ਭੇਦ ਖੁੱਲ੍ਹ ਗਿਆ, ਜਿਸ ਨੂੰ ਸੁਣਨ ਵਾਲਾ ਹਰ ਕੋਈ ਹੈਰਾਨ ਹੋ ਰਿਹਾ ਹੈ।

ਪਤਾ ਲੱਗਾ ਹੈ ਕਿ ਜਦੋਂ ਅਦਾਲਤ ਨੇ ਨਕਦੀ ਦੀ ਸਪੁਰਦਗੀ ਦੀ ਅਰਜ਼ੀ ਉੱਤੇ ਸੁਣਵਾਈ ਕਰਨਪਿੱਛੋਂਪੁਲਸ ਦੇ ਮਾਲਖਾਨਾ ਅਧਿਕਾਰੀਆਂ ਨੂੰ ਉਸ ਕੇਸ ਵਿੱਚ ਫੜੀ ਨਕਦੀ ਅਦਾਲਤ ਵਿੱਚ ਪੇਸ਼ ਕਰ ਕੇ ਉਸ ਨੂੰ ਵਾਪਸ ਦੇਣ ਲਈ ਕਿਹਾ ਤਾਂ ਮਾਲਖਾਨੇ ਦੇ ਮੁਨਸ਼ੀ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਕੋਲ ਇਸ ਕੇਸ ਦੀ ਕੋਈ ਨਕਦੀ ਮਾਲਖਾਨੇ ਵਿੱਚ ਜਮ੍ਹਾਂ ਨਹੀਂ ਕਰਾਈ ਗਈ।ਇਸ ਪਿੱਛੋਂ ਅਦਾਲਤ ਨੇ ਓਦੋਂ ਦੇ ਇਸ ਕੇਸ ਦੇ ਜਾਂਚ ਅਧਿਕਾਰੀ ਅਤੇ ਇਸ ਸਮੇਂਸੇਵਾਮੁਕਤ ਥਾਣੇਦਾਰ ਅੰਮ੍ਰਿਤਪਾਲ ਸਿੰਘ ਨੂੰ ਅਦਾਲਤ ਵਿੱਚਸੱਦ ਕੇ ਪੁੱਛਿਆ ਕਿ ਉਨ੍ਹਾਂ ਵੱਲੋਂ ਫੜੀ ਗਈ ਜੂਏ ਦੀ ਨਕਦੀ ਉਨ੍ਹਾਂ ਨੇ ਮਾਲਖਾਨੇ ਵਿੱਚ ਜਮ੍ਹਾਂ ਕਿਉਂ ਨਹੀਂ ਕਰਵਾਈ। ਉਸ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਸਾਲ 2007 ਵਿੱਚ ਮਾਲਖਾਨੇ ਦੇ ਮੁਨਸ਼ੀ ਜੋਗਿੰਦਰ ਸਿੰਘ ਨੂੰ ਉਹ ਰਕਮ ਜਮ੍ਹਾਂ ਕਰਵਾਈ ਸੀ, ਪਰ ਉਸ ਦੀ ਮੌਤ ਹੋ ਗਈ ਹੈ, ਇਸ ਲਈ ਉਸ ਨੂੰ ਉਸ ਰਕਮ ਦੀ ਕੋਈ ਜਾਣਕਾਰੀ ਨਹੀਂ। ਸੇਵਾਮੁਕਤ ਸਬ ਇੰਸਪੈਕਟਰ ਦਾ ਕਹਿਣਾ ਹੈ ਕਿ ਉਸ ਨੇ ਇਹ ਪੈਸੇ ਮਾਲਖਾਨੇ ਵਿੱਚ ਜਮ੍ਹਾਂ ਕਰਾ ਦਿੱਤੇ ਸਨ, ਪਰ ਅਦਾਲਤ ਨੇ ਪੂਰੇ ਕੇਸ ਵਿੱਚ ਸੇਵਾਮੁਕਤ ਐਸ ਆਈ ਅੰਮ੍ਰਿਤਪਾਲ ਸਿੰਘ ਦੀ ਲਾਪਰਵਾਹੀ ਮੰਨ ਕੇ ਕੇਸ ਵਿੱਚ ਬਰਾਮਦ ਕਰੀਬ 3.96 ਲੱਖ ਰੁਪਏ ਦੀ ਨਕਦੀ ਗਾਇਬ ਹੋਣ ਕਾਰਨ ਉਸ ਉੱਤੇ ਕੋਤਵਾਲੀ ਪੁਲਸ ਨੂੰ ਕੇਸ ਦਰਜ ਕਰਨ ਦੇ ਹੁਕਮ ਦੇ ਦਿੱਤੇ।ਪੁਲਸ ਨੇ ਅਦਾਲਤ ਦੇ ਹੁਕਮਾਂ ਉੱਤੇ ਕਾਰਵਾਈ ਲਈ ਸੇਵਾਮੁਕਤ ਐਸ ਆਈ ਅੰਮ੍ਰਿਤਪਾਲ ਸਿੰਘ ਪਿੰਡ ਕਣਕਵਾਲ ਦੇ ਖਿਲਾਫ ਲਾਪਰਵਾਹੀ ਦਾ ਮਾਮਲਾ ਦਰਜ ਕਰ ਲਿਆ ਹੈ।

# 17 ਹਜ਼ਾਰ ਵਿੱਚ ਕਾਰ ਡੀਲਿੰਗ ਕਰਨ ਵਾਲੇ ਕਬਾੜੀਆ ਤੇ ਚੋਰ ਕਾਬੂ

ਲੁਧਿਆਣਾ, 7 ਜੂਨ (ਪੋਸਟ ਬਿਊਰੋ)- ਇਸ ਜ਼ਿਲੇ ਦੇ ਥਾਣਾ ਡੇਹਲੋਂ ਦੀ ਪੁਲਸ ਨੇ ਏਦਾਂ ਦਾ ਚੋਰ ਟੋਲਾ ਫੜਿਆ ਹੈ, ਜੋ ਕਾਰ ਚੋਰੀ ਕਰਨ ਪਿੱਛੋਂ ਉਸ ਨੂੰ ਮਸਾਂ 17 ਹਜ਼ਾਰ ਰੁਪਏ ਵਿੱਚ ਕਬਾੜੀਏ ਨੂੰ ਵੇਚ ਦਿੰਦੇ ਸਨ। ਕਬਾੜੀਆ ਅੱਗੋਂ ਕਾਰ ਨੂੰ ਕੱਟ ਕੇ ਢਲਾਈ ਵਾਲਿਆਂ ਨੂੰ ਵੇਚ ਦਿੰਦਾ ਸੀ। ਇਸ ਗੈਂਗ ਕੋਲੋਂ ਚੋਰੀ ਦੇਸੱਤ ਵਾਹਨ ਫੜੇ ਜਾਣ ਦੇ ਬਾਅਦ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਚਾਰ ਦਿਨਾਂ ਦਾ ਰਿਮਾਂਡ ਮਿਲਿਆ ਹੈ। ਲੁਧਿਆਣਾ ਪੁਲਸ ਦੇ ਜਾਇੰਟ ਕਮਿਸ਼ਨਰ ਪੁਲਸ (ਜੇ ਸੀ ਪੀ) ਸਚਿਨ ਗੁਪਤਾ ਦੇ ਮੁਤਾਬਕ ਦੋਸ਼ੀਆਂ ਦੀ ਪਛਾਣ ਗੁਣਇੰਦਰ ਗੋਨੀ, ਪਿੰਡ ਬਿਲਗਾ,ਸਾਹਨੇਵਾਲ ਅਤੇ ਕਬਾੜੀਆ ਧਰਮਿੰਦਰ, ਗਲੀ ਨੰਬਰ ਇੱਕ,ਨਿਊ ਸੂਰੀਆ ਵਿਹਾਰ ਵਜੋਂ ਹੋਈ ਹੈ।

ਅਸਲ ਵਿੱਚ 16 ਮਈ ਨੰ ਡੇਹਲੋਂ ਇਲਾਕੇ ਵਿੱਚੋਂ ਲਗਜਰੀ ਕਾਰ ਚੋਰੀ ਹੋਈ ਤਾਂ ਪੁਲਸ ਨੇ ਅਣਪਛਾਤੇ ਦੋਸ਼ੀਆਂ ਵਿਰੁੱਧ ਕੇਸ ਦਰਜ ਕਰ ਕੇ ਪੜਤਾਲ ਕੀਤੀ, ਜਿਸ ਵਿੱਚ ਪਤਾ ਲੱਗਾ ਕਿ ਪਿੰਡ ਬਿਲਗਾ ਵਿੱਚ ਰਹਿੰਦਾ ਅੰਮ੍ਰਿਤਪਾਲ ਪਾਲੀ, ਗੁਣਇੰਦਰ ਗੋਨੀ ਤੇ ਦਲਵਿੰਦਰ ਸਿੰਘ ਬੀਕਾ ਦੇ ਗੈਂਗ ਨੇ ਚੋਰੀ ਕੀਤੀ ਹੈ।ਸ਼ਨੀਵਾਰ ਸ਼ਾਮ ਪੁਲਸ ਅਫਸਰ ਸੁਭਾਸ਼ ਚੰਦਰ ਨੂੰ ਸੂਚਨਾ ਮਿਲੀ ਕਿ ਉਹ ਚੋਰੀ ਹੋਈ ਕਾਰ ਅਜਨੌਦ ਨਹਿਰ ਪੁਲ ਦੇ ਲਾਗੇ ਵੇਖੀ ਗਈ ਹੈ। ਪੁਲਸ ਨੇ ਛਾਪਾ ਮਾਰਿਆ ਤਾਂ ਗੋਨੀ ਨੂੰ ਕਾਰ ਸਣੇ ਫੜ ਲਿਆ। ਪੁੱਛਗਿੱਛ ਵਿੱਚ ਉਸ ਨੇ ਦੱਸਿਆ ਕਿ ਉਹ ਤੇ ਹੋਰ ਸਾਥੀ ਚੋਰ ਮਿਲ ਕੇ ਦਿਨ ਵੇਲੇ ਰੇਕੀ ਕਰਦੇ ਤੇ ਰਾਤ ਨੂੰ ਕਾਰ ਚੋਰੀ ਕਰ ਲੈਂਦੇ ਸਨ ਅਤੇ ਗਾਹਕ ਨਾ ਮਿਲਣ ਉੱਤੇ ਧਰਮਿੰਦਰ ਕਬਾੜੀਏ ਨੂੰ ਵੇਚ ਦਿੰਦੇ ਸਨ। ਇਨ੍ਹਾਂ ਦੀ ਨਿਸ਼ਾਨਦੇਹੀ ਉੱਤੇ ਪੁਲਸ ਨੇ ਨਿਊ ਸੂਰੀਆ ਵਿਹਾਰ ਵਿੱਚ ਛਾਪਾ ਮਾਰ ਕੇ ਧਰਮਿੰਦਰ ਕਬਾੜੀਏ ਨੂੰ ਫੜਿਆ ਤਾਂ ਉਥੋਂ ਸੈਂਟਰੋ, ਬਲੈਰੋ ਕੈਂਪਰ, ਕੱਟੀ ਹੋਈ ਜ਼ੈਨ ਕਾਰ, ਦੋ ਮੋਟਰ ਸਾਈਕਲ ਅਤੇ ਇੱਕ ਸਕੂਟਰ ਮਿਲੇ। ਪੁਲਸ ਦੇ ਮੁਤਾਬਕ ਗੁਣਇੰਦਰ ਗੋਨੀ ਇਸ ਗੈਂਗ ਦਾ ਸਰਗਣਾ ਹੈ, ਜਿਸ ਦੇ ਵਿਰੁੱਧ ਥਾਣਾ ਡੇਹਲੋਂ, ਡਵੀਜ਼ਨ ਨੰਬਰ 6, 8, ਸਾਹਨੇਵਾਲ ਅਤੇ ਸਲੇਮਟਾਬਰੀ ਥਾਣੇ ਵਿੱਚ ਚੋਰੀ ਅਤੇ ਸ਼ਰਾਬ ਸਮੱਗਲਿੰਗ ਦੇ ਸੱਤ ਕੇਸ ਦਰਜ ਹਨ। ਦਲਵਿੰਦਰ ਬੀਕਾ ਕਾਫੀ ਸਮੇਂ ਤੋਂ ਚੋਰੀਆਂ ਕਰਦਾ ਆ ਰਿਹਾ ਹੈ। ਉਸ ਦੇ ਵਿਰੁੱਧ 17 ਕੇਸ ਹਨ। ਅੰਮ੍ਰਿਤਪਾਲ ਪਾਲੀ ਵਿਰੁੱਧ ਚੋਰੀ ਦੇ ਤਿੰਨ ਕੇਸ ਹਨ।




# ਫਰੂਟ ਵਾਲੇ ਉੱਤੇ ਹਮਲਾ ਕਰਨ ਵਾਲਾ ਥਾਣੇਦਾਰ ਰਛਪਾਲ ਸਿੰਘ ਕਾਬੂ

ਮਕਸੂਦਾਂ, 7 ਜੂਨ (ਪੋਸਟ ਬਿਊਰੋ)- ਬੀਤੇ ਦਿਨੀਂ ਥਾਣਾ ਇੱਕ ਹੇਠਲੇ ਅਸ਼ੋਕ ਨਗਰ, ਨੰਦਨਪੁਰ ਵਿੱਚ ਰਹਿੰਦੇ ਏ ਐਸ ਆਈ ਰਸ਼ਪਾਲ ਸਿੰਘ ਵੱਲੋਂ ਸ਼ਰਾਬ ਦੇ ਨਸ਼ੇ ਵਿੱਚ ਫਰੂਟ ਵਾਲੇ ਨਾਲ ਗਾਲੀ-ਗਲੋਚ ਕਰਨ ਅਤੇ ਡਿਊਟੀ ਕਰਨ ਆਏ ਏ ਐਸ ਆਈ ਨਾਲ ਹੱਥੋਪਾਈ ਦੇ ਦੋਸ਼ ਵਿੱਚ ਪੁਲਸ ਨੇ ਏ ਐਸ ਆਈ ਪਿਆਰਾ ਸਿੰਘ ਦੇ ਬਿਆਨਾਂ ਉੱਤੇਕੇਸ ਦਰਜ ਕਰਕੇ ਦੋਸ਼ੀ ਏ ਐਸ ਆਈ ਰਛਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਬਾਰੇ ਥਾਣਾ ਮੁੱਖੀ ਰਾਜੇਸ਼ ਸ਼ਰਮਾ ਨੇ ਦੱਸਿਆ ਕਿ ਏ ਐਸ ਆਈ ਰਛਪਾਲ ਸਿੰਘ ਦੇ ਖ਼ਿਲਾਫ਼ 353-186 ਦਾ ਕੇਸ ਦਰਜ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ। ਵਰਨਣ ਯੋਗ ਯੋਗ ਹੈ ਕਿ ਏ ਐਸ ਆਈ ਰਛਪਾਲ ਸਿੰਘ ਸ਼ਰਾਬ ਦੇ ਨਸ਼ੇ ਵਿੱਚ ਆਪਣੇ ਮੁਹੱਲੇ ਵਿੱਚ ਕਈ ਲੋਕਾਂ ਨਾਲ ਕਈ ਵਾਰ ਝਗੜਾ ਕਰ ਚੁੱਕਾ ਹੈ, ਜਿਸ ਦੀ ਸ਼ਿਕਾਇਤ ਥਾਣਾ 1 ਵਿੱਚ ਕਈ ਵਾਰ ਦਿੱਤੀ ਜਾ ਚੁੱਕੀ ਸੀ, ਪਰ ਬਾਅਦ ਵਿੱਚ ਦੋਹਾਂ ਧਿਰਾਂ ਦਾ ਰਾਜ਼ੀਨਾਮਾ ਹੋ ਜਾਣ ਕਾਰਨ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ। ਸ਼ਰਾਬ ਦੇ ਨਸ਼ੇ ਵਿੱਚ ਹੰਗਾਮਾ ਕਰਨ ਦੀ ਰਛਪਾਲ ਸਿੰਘ ਦੀ ਵੀਡੀਓ ਵੀ ਵਾਇਰਲ ਹੋਈ ਸੀ ਤੇ ਕੱਲ੍ਹ ਵੀ ਰਛਪਾਲ ਸਿੰਘ ਵੱਲੋਂ ਸ਼ਰਾਬ ਦੀ ਬੋਤਲ ਕਾਰ ਦੇ ਉਪਰ ਰੱਖ ਕੇ ਪਹਿਲਾਂ ਫਰੂਟ ਵਾਲੇ ਨਾਲ ਗਾਲੀ-ਗਲੋਚ ਅਤੇ ਫਿਰ ਉਸ ਨੂੰ ਸਮਝਾਉਣ ਲਈ ਚੌਕੀ ਤੋਂ ਆਏ ਏ ਐਸ ਆਈ ਨਾਲ ਹੱਥੋਪਾਈ ਦਾ ਮੁੱਦਾ ਮੀਡੀਆ ਵਿੱਚ ਆਉਣ ਕਾਰਨ ਪੁਲਸ ਅਧਿਕਾਰੀਆਂ ਨੂੰ ਏ ਐਸ ਆਈ ਖ਼ਿਲਾਫ਼ ਕਾਰਵਾਈ ਲਈ ਮਜ਼ਬੂਰ ਹੋਣਾ ਪਿਆ ਹੈ ਅਤੇ ਏ ਐਸ ਆਈ ਨੂੰ ਅਗਲੇ ਦਿਨ ਮਾਮਲਾ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ।

## ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

**ਸੰਪਰਕ: 416-816-1695**

# ਬਲੈਕ ਫੰਗਸ ਦੇ ਟੀਕੇ ਦਿਵਾਉਣ ਦੇ ਨਾਂਅ ਉੱਤੇ ਠੱਗੀ ਕਰਦੇ ਕਾਬੂ




ਐਸ ਏ ਐਸ ਨਗਰ, 7 ਜੂਨ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਦੌਰਾਨ 'ਬਲੈਕ ਫੰਗਸ' ਦੇ ਇਲਾਜ ਲਈ ਵਰਤੇ ਜਾਂਦੇ ਰੇਮਡੇਸਿਵਿਰ ਅਤੇ ਐਮਫੋਨੈਕਸ ਨਾਂਅ ਦੇ ਟੀਕੇ ਦਿਵਾਉਣ ਬਦਲੇ ਲੋਕਾਂ ਨਾਲ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਵਿੱਚ ਸਾਈਬਰ ਕ੍ਰਾਈਮ ਪੁਲਸ ਨੇ ਤਿੰਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀਆਂ ਦੀ ਪਛਾਣ ਅਮਿਤ ਕੁਮਾਰ ਵਾਸੀ ਸ਼ਿਵਾਲਿਕ ਵਿਹਾਰ ਜ਼ੀਰਕਪੁਰ, ਮਨਦੀਪ ਸਿੰਘ ਪਿੰਡ ਇਸ਼ਾਕ ਜ਼ਿਲ੍ਹਾ ਕੁਰੂਕਸ਼ੇਤਰ ਹਰਿਆਣਾ ਅਤੇ ਕੁਲਵਿੰਦਰ ਕੁਮਾਰ ਵਾਸੀ ਟਿਕਰੀ ਜ਼ਿਲ੍ਹਾ ਕੁਰੂਕਸ਼ੇਤਰ ਹਰਿਆਣਾ ਵਜੋਂ ਹੋਈ ਹੈ।

ਐਸ ਪੀ ਸਾਈਬਰ ਕ੍ਰਾਇਮ ਅਤੇ ਟ੍ਰੈਫਿਕ ਗੁਰਜੋਤ ਸਿੰਘ ਕਲੇਰ ਨੇ ਦੱਸਿਆ ਕਿ ਪੁਲਸ ਨੂੰ ਸੋਸ਼ਲ ਮੀਡੀਆ ਅਤੇ ਗੁਪਤ ਸੂਚਨਾ ਮਿਲੀ ਸੀ ਕਿ ਬਲੈਕ ਫੰਗਸ ਦੇ ਇਲਾਜ ਲਈ ਵਰਤੇ ਜਾਂਦੇ ਰੇਮਡੇਸਿਵਿਰ ਤੇ ਐਮਫੋਨੈਕਸ ਨਾਂਅ ਦੇ ਟੀਕੇ ਦਿਵਾਉਣ ਲਈ ਕੁਝ ਲੋਕ ਸੋਸ਼ਲ ਮੀਡੀਆ ਉੱਤੇ ਇਸ਼ਤਿਹਾਰ ਪਾ ਰਹੇ ਸਨ। ਇਨ੍ਹਾਂ ਇਸ਼ਤਿਹਾਰਾਂ ਨਾਲ ਉਹ ਲੋਕਾਂ ਕੋਲੋਂ ਉਕਤ ਟੀਕਿਆਂ ਨੂੰ ਦਿਵਾਉਣ ਬਦਲੇ ਆਪਣੇ ਖਾਤਿਆਂ ਵਿੱਚ ਲੱਖਾਂ ਰੁਪਏ ਟਰਾਂਸਫਰ ਤਾਂ ਕਰਵਾ ਲਏ ਪ੍ਰੰਤੂ ਉਕਤ ਟੀਕੇ ਕਿਸੇ ਨੂੰ ਨਹੀਂ ਦਿਵਾਏ। ਪੁਲਸ ਨੇ ਉਕਤ ਦੋਸ਼ੀਆਂ ਦੀ ਪੈਣ ਨੱਪਣੀ ਸ਼ੁਰੂ ਕੀਤੀ ਤੇ ਤਿੰਨ ਜਣੇ ਫੜ ਲਏ। ਪੁਲਸ ਨੇ ਇਨ੍ਹਾਂ ਤਿੰਨਾਂ ਮੁਲਜਮਾਂ ਕੋਲੋਂ ਧੋਖਾਧੜੀ ਨਾਲ ਹਾਸਲ ਕੀਤੇ 14 ਲੱਖ ਰੁਪਏ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਤੋਂ ਪੰਜ ਏ ਟੀ ਐਮ ਕਾਰਡ ਵੀ ਮਿਲੇ ਹਨ। ਪੁਲਸ ਵੱਲੋਂ ਅਮਿਤ ਕੁਮਾਰ ਤੇ ਕੁਲਵਿੰਦਰ ਕੁਮਾਰ ਦੇ ਖਾਤਿਆਂ ਵਿੱਚ ਪਏ ਸਾਢੇ ਚਾਰ ਲੱਖ ਰੁਪਏ ਫਰੀਜ਼ ਕਰਵਾ ਦਿੱਤੇ ਹਨ। ਅਦਾਲਤ ਨੇ ਤਿੰਨਾਂ ਮੁਲਜ਼ਮਾਂ ਦਾ ਚਾਰ ਦਿਨ ਦਾ ਰਿਮਾਂਡ ਦਿੱਤਾ ਹੈ।

# ਅਫ਼ਗ਼ਾਨਿਸਤਾਨ ਵਿੱਚ ਸੜਕ ਕਿਨਾਰੇ ਬੰਬ ਧਮਾਕਾ, 11 ਲੋਕਾਂ ਦੀ ਮੌਤ



ਕਾਬੁਲ, 7 ਜੂਨ (ਪੋਸਟ ਬਿਊਰੋ)- ਅਫ਼ਗ਼ਾਨਿਸਤਾਨ ਦੇ ਬਡਗਿਸ ਸੂਬੇ ਵਿੱਚ ਸੜਕ ਕਿਨਾਰੇ ਬੰਬ ਧਮਾਕਾ ਹੋਇਆ, ਜਿਸ ਦੇ ਕਾਰਨ 11 ਨਾਗਰਿਕਾਂ ਦੀ ਮੌਤ ਹੋਣ ਦੀ ਖਬਰ ਮਿਲੀ ਹੈ।

ਅਬਕਾਮਾਰੀ ਜ਼ਿਲ੍ਹੇ ਦੇ ਗਵਰਨਰ ਖੁਦਾਦਦ ਤੈਅਬ ਨੇ ਇਸ ਧਮਾਕੇ ਦੀ ਪੁਸ਼ਟੀ ਕੀਤੀ ਹੈ। ਇਹ ਹਾਦਸਾ ਬਡਘਿਸ ਸੂਬੇ ਦੇ ਅਬਕਾਮਾਰੀ ਜ਼ਿਲ੍ਹੇ ਵਿੱਚ ਸੜਕ ਕਿਨਾਰੇ ਵਾਪਰਿਆ। ਟੋਲੋ ਨਿਊਜ਼ ਦੀ ਰਿਪੋਰਟ ਮੁਤਾਬਕ ਇਹ ਘਟਨਾ ਸਥਾਨਕ ਸਮੇਂ ਮੁਤਾਬਕ ਕੱਲ੍ਹ ਸ਼ਾਮ ਕਰੀਬ ਪੰਜ ਵਜੇ ਅਬਕਾਮਾਰੀ ਜ਼ਿਲ੍ਹੇ ਦੇ ਚਲੰਕ ਪਿੰਡ ਵਿੱਚ ਵਾਪਰੀ। ਸਥਾਨਕ ਅਧਿਕਾਰੀਆਂ ਮੁਤਾਬਕ ਪੀੜਤਾਂ ਵਿੱਚ ਔਰਤਾਂ ਅਤੇ ਬੱਚੇ ਸ਼ਾਮਲ ਹਨ। ਅਬਕਾਮਾਰੀ ਜ਼ਿਲ੍ਹੇ ਦੇ ਗਵਰਨਰ ਨੇ ਬੰਬਾਰੀ ਲਈ ਤਾਲਿਬਾਨੀ ਅਤਿਵਾਦੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਪਰ ਕਿਸੇ ਗਰੁੱਪ ਨੇ ਹਾਲੇ ਤਕ ਇਸ ਘਟਨਾ ਦੇ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਵਰਨਣ ਯੋਗ ਹੈ ਕਿ ਕਈ ਮੋਰਚਿਆਂ ਉੱਤੇ ਅਫ਼ਗਾਨ ਦਸਤਿਆਂ ਅਤੇ ਤਾਲਿਬਾਨ ਵਿਚਾਲੇ ਜਾਰੀ ਸੰਘਰਸ਼ ਕਾਰਨ ਦੇਸ਼ ਵਿੱਚ ਹਿੰਸਾ ਵਧ ਗਈ ਹੈ ਅਤੇ ਸੁਰੱਖਿਆ ਅਧਿਕਾਰੀਆਂ ਨੇ ਪਿੱਛਲੇ 24 ਘੰਟਿਆਂ ਵਿੱਚ ਸਰਕਾਰੀ ਦਸਤਿਆਂ ਅਤੇ ਤਾਲਿਬਾਨ ਵਿਚਾਲੇ ਝੜਪਾਂ ਦੀ ਸੂਚਨਾ ਦਿੱਤੀ ਹੈ।

### ਤ੍ਰਿਣਮੂਲ ਐੱਮ ਪੀ ਨੇ ਗਵਰਨਰ ਨੂੰ ਲੰਬੇ ਹੱਥੀਂ ਲਿਆ :

# ਆਪਣੇ ਪੂਰੇ ਪਿੰਡ ਤੇ ਖ਼ਾਨਦਾਨ ਨੂੰ ਰਾਜ ਭਵਨ ਲੈ ਆਏ 'ਅੰਕਲ ਜੀ'

ਕੋਲਕਾਤਾ, 7 ਜੂਨ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਗਵਰਨਰ ਜਗਦੀਪ ਧਨਖੜ ਉਤੇ ਰਾਜਭਵਨ ਵਿੱਚ ਓ ਐਸ ਡੀ ਅਹੁਦਿਆਂ ਉਤੇ ਆਪਣੇ ਪ੍ਰਵਾਰ ਦੇ ਲੋਕਾਂ ਅਤੇ ਜਾਣਕਾਰਾਂ ਨੂੰ ਨਿਯੁਕਤ ਕਰਨ ਦਾ ਦੋਸ਼ ਲਾ ਕੇ ਤ੍ਰਿਣਮੂਲ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਮਹੁਆ ਮੋਇਤਰਾ ਨੇ ਵਿਅੰਗ ਕੱਸਦੇ ਹੋਏ ਕਿਹਾ: 'ਅੰਕਲ ਜੀ ਆਪਣੇ ਪੂਰੇ ਪਿੰਡ ਅਤੇ ਖ਼ਾਨਦਾਨ ਨੂੰ ਰਾਜਭਵਨ ਵਿੱਚ ਲੈ ਆਏ ਹਨ। ਉਸ ਦੀ ਇਸ ਚਿੱਠੀ ਦੀ ਹਰ ਪਾਸੇ ਚਰਚਾ ਹੋ ਰਹੀ ਹੈ।



ਮਹੁਆ ਮੋਇਤਰਾ ਨੇ ਪੱਛਮੀ ਬੰਗਾਲ ਦੇ ਗਵਰਨਰ ਜਗਦੀਪ ਧਨਖੜ ਨੂੰ 'ਅੰਕਲ ਜੀ' ਕਹਿ ਕੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਪ੍ਰਵਾਰ ਦੇ ਮੈਂਬਰਾਂ ਅਤੇ ਹੋਰ ਕਰਮਚਾਰੀਆਂ ਨੂੰ ਰਾਜਭਵਨ ਵਿੱਚ ਵਿਸ਼ੇਸ਼ ਕਾਰਜ ਅਧਿਕਾਰੀ (ਓ ਐਸ ਡੀ) ਨਿਯੁਕਤ ਕੀਤਾ ਗਿਆ ਹੈ। ਮੋਇਤਰਾ ਨੇ ਇੱਕ ਸੂਚੀ ਟਵਿਟਰ ਉਤੇ ਸਾਂਝੀ ਕੀਤੀ, ਜਿਸ ਵਿੱਚ ਗਵਰਨਰ ਦੇ ਓ ਐਸ ਡੀ ਅਭਯੁਦੇ ਸ਼ੇਖਵਤ, ਓ ਐਸ ਡੀ ਸਮਨਵੇ ਅਖਿਲ ਚੌਧਰੀ, ਓ ਐਸ ਡੀ ਪ੍ਰਸ਼ਾਸਨ ਰੂਚੀ ਦੂਬੇ, ਓ ਐਸ ਡੀ ਪ੍ਰੋਟੋਕੋਲ ਪ੍ਰਸ਼ਾਂਤ ਦੀਕਸ਼ਿਤ, ਓ ਐਸ ਡੀ, ਆਈ ਟੀ ਕੌਸਤਵ ਐਸ ਬਲਿਕਰ ਅਤੇ ਨਵ ਨਿਯੁਕਤ ਓ ਐਸ ਡੀ ਕਿਸ਼ਨ ਧਨਖੜ ਦਾ ਨਾਮ ਦਰਜ ਹੈ।ਮੋਇਤਰਾ ਨੇ ਪੱਛਮੀ ਬੰਗਾਲ ਦੀ ਕਾਨੂੰਨ ਵਿਵਸਥਾ ਉੱਤੇ ਚਿੰਤਾ ਪ੍ਰਗਟਾਉਣ ਸਬੰਧੀ ਧਨਖੜ ਦੇ ਟਵੀਟ ਉਤੇ ਤਿੱਖਾ ਪ੍ਰਤੀਕਰਮ ਦਿੰਦੇ ਹੋਏ ਲਿਖਿਆ, 'ਅੰਕਲ ਜੀ, ਪੱਛਮੀ ਬੰਗਾਲ ਦੀ ਚਿੰਤਾਜਨਕ ਹਾਲਤ ਸੁਧਰ ਜਾਵੇਗੀ, ਜੇ ਤੁਸੀਂ ਮਾਫ਼ੀ ਮੰਗ ਕੇ ਵਾਪਸ ਦਿੱਲੀ ਚਲੇ ਜਾਉ ਅਤੇ ਕੋਈ ਹੋਰ ਨੌਕਰੀ ਲੱਭੋ।' ਉਨ੍ਹਾਂ ਕਿਹਾ ਕੁਝ ਸੁਝਾਅ ਹਨ: 1. ਵਿਰੋਧੀ ਧਿਰ ਨੂੰ ਕਿੰਨੇ ਚੰਗੇ ਤਰੀਕੇ ਨਾਲ ਠੋਕਣਾ ਹੈ, ਇਸ ਲਈ ਮੁੱਖ ਮੰਤਰੀ ਅਜੇ ਬਿਸ਼ਟ ਯੋਗੀ ਦੇ ਸਲਾਹਕਾਰ ਬਣ ਜਾਉ। ਨੰਬਰ 2. ਮਹਾਂਮਾਰੀ ਦੌਰਾਨ ਕਿਵੇਂ ਚੰਗੇ ਤਰੀਕੇ ਨਾਲ ਲੁਕਣਾ ਹੈ, ਇਸ ਲਈ ਗ੍ਰਹਿ ਮੰਤਰੀ ਦੇ ਸਲਾਹਕਾਰ ਬਣ ਜਾਉ ਅਤੇ ਹਾਂ, ਜੇ ਤੁਸੀਂ ਵਾਪਸ ਜਾਵੋ ਤਾਂ ਪੱਛਮੀ ਬੰਗਾਲ ਦੇ ਰਾਜਭਵਨ ਵਿੱਚ ਵਸੇ ਆਪਣੇ ਪੂਰੇ ਪ੍ਰਵਾਰ ਨੂੰ ਲੈ ਕੇ ਜਾਇਓ।'' ਅਜਿਹਾ ਬਿਆਨ ਲਿਖਣ ਉੱਤੇ ਮੋਇਤਰਾ ਨੇ ਕਿਹਾ, ''ਸਾਡੇ ਸਾਰਿਆਂ ਕੋਲ ਸਵਾਲ ਪੁੱਛਣ ਦਾ ਲੋਕਤੰਤਰਿਕ ਅਧਿਕਾਰ ਹੈ। ਉਹ (ਗਵਰਨਰ ਧਨਖੜ) ਸੂਬਾ ਸਰਕਾਰ ਤੋਂ ਸਵਾਲ ਪੁੱਛਦੇ ਰਹਿੰਦੇ ਹਨ, ਮੈਂ ਉਨ੍ਹਾਂ ਨੂੰ ਸ਼ੀਸ਼ਾ ਦੇਖਣ ਦੀ ਬੇਨਤੀ ਕਰਦੀ ਹਾਂ, ਜਿਨ੍ਹਾਂ ਨੇ ਆਪਣੇ ਪੂਰੇ ਪਿੰਡ ਅਤੇ ਖ਼ਾਨਦਾਨ ਨੂੰ ਰਾਜਭਵਨ ਵਿੱਚ ਲਿਆਂਦਾ ਹੈ।

# ਸਕੂਲੀ ਸਿੱਖਿਆ ਸੁਧਾਰ ਦੇ ਖੇਤਰ ਵਿੱਚ ਪੰਜਾਬ ਪਹਿਲੇ ਨੰਬਰ ਉੱਤੇ

ਨਵੀਂ ਦਿੱਲੀ, 7 ਜੂਨ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ ਜਾਰੀ ਕੀਤੇ ਕਾਰਗੁਜ਼ਾਰੀ ਗ੍ਰੇਡਿੰਗ ਇੰਡੈਕਸ (ਪੀ ਜੀ ਆਈ) ਵਿੱਚ ਪੰਜਾਬ, ਚੰਡੀਗੜ੍ਹ, ਤਾਮਿਲਨਾਡੂ, ਅੰਡੇਮਾਨ ਤੇ ਨਿਕੋਬਾਰ ਅਤੇ ਕੇਰਲਾ ਨੇ ਸਿਖਰਲੀਆਂ ਥਾਵਾਂ ਲਈਆਂ ਹਨ। ਇਨ੍ਹਾਂ ਰਾਜਾਂ ਨੂੰ ਸਭ ਤੋਂ ਉਪਰਲਾ ਗ੍ਰੇਡ (ਗਰੇਡ ਏ++) ਮਿਲਿਆ ਹੈ।

ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਰਿਲੀਜ਼ ਸੂਚੀ ਵਿੱਚ ਸਕੂਲੀ ਸਿੱਖਿਆ ਵਿੱਚ ਆਏ ਸੁਧਾਰਾਂ, ਬਦਲਾਅ ਨੂੰ ਆਧਾਰ ਬਣਾਇਆ ਹੈ। ਮੰਤਰਾਲੇ ਮੁਤਾਬਕ ਇਹ ਸੂਚੀ ਰਾਜਾਂਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਖ਼ਾਮੀਆਂ ਲੱਭਣ ਵਿੱਚ ਮਦਦ ਕਰੇਗੀ ਅਤੇ ਸਕੂਲ ਸਿੱਖਿਆ ਢਾਂਚੇ ਨੂੰ ਭਵਿੱਖ ਵਿੱਚ ਮਜ਼ਬੂਤ ਕਰਨ ਲਈ ਤਰਜੀਹਾਂ ਤੈਅ ਕੀਤੀਆਂ ਜਾਣਗੀਆਂ। ਕੇਂਦਰੀ ਸਿੱਖਿਆ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਨੇ 70ਸਟੈਂਡਰਡ ਨਾਲ ਸੂਚੀ ਮਨਜ਼ੂਰ ਕੀਤੀ ਹੈ। 'ਪੀ ਜੀ ਆਈ' ਸੂਚੀ ਸਭ ਤੋਂ ਪਹਿਲਾਂ ਸਾਲ 2018 ਬਾਰੇ 18 ਮਈ 2019 ਨੂੰ ਜਾਰੀ ਕੀਤੀ ਗਈ ਸੀ। ਤਾਜ਼ਾ ਸੂਚੀ ਇਸ ਕਿਸਮ ਦੀ ਤੀਸਰੀ ਹੈ ਅਤੇ ਸਾਲ 2019-20 ਲਈ ਜਾਰੀ ਕੀਤੀ ਗਈ ਹੈ। ਬਹੁਤੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਇਸ ਖੇਤਰ ਵਿੱਚ ਆਪਣੀ ਕਾਰਗੁਜ਼ਾਰੀ ਸੁਧਾਰੀ ਹੈ। ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ, ਅਰੁਣਾਚਲ ਪ੍ਰਦੇਸ਼, ਮਨੀਪੁਰ, ਪੁੱਡੂਚੇਰੀ, ਪੰਜਾਬ ਤੇ ਤਾਮਿਲਨਾਡੂ ਨੇ ਕੁੱਲ ਮਿਲਾ ਕੇ ਆਪਣਾ ਪੀ ਜੀ ਆਈ ਸਕੋਰ 10 ਫੀਸਦੀ ਵਧਾਇਆ ਹੈ, ਜਿੱਥੇ ਸੌ ਜਾਂ ਇਸ ਤੋਂ ਵੱਧ ਪੁਆਇੰਟਾਂ ਦਾ ਵਾਧਾ ਹੋਇਆ ਹੈ। ਪੀ ਜੀ ਆਈ ਵਿੱਚ ਜਿਹੜਾ ਦਾ ਪੈਮਾਨਾ ਮਿੱਥਿਆ ਗਿਆ, ਉਸ ਵਿੱਚ ਇਨ੍ਹਾਂ ਰਾਜਾਂ ਨੇ ਸੁਧਾਰ ਕੀਤਾ ਅਤੇ 13 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਬੁਨਿਆਦੀ ਢਾਂਚੇ ਤੇ ਸਹੂਲਤਾਂ ਦਾ ਵਾਧਾ ਕੀਤਾ ਹੈ।

# ਗੁਰਦੁਆਰਾ ਰਕਾਬਗੰਜ 'ਚ ਫਿਲਮੀ ਗੀਤ ਵਜਾਉਣ ਉਤੇ ਜਾਗੋ ਵੱਲੋਂ ਅਕਾਲ ਤਖ਼ਤ ਵਿਖੇ ਸ਼ਿਕਾਇਤ



ਨਵੀਂ ਦਿੱਲੀ, 7 ਜੂਨ (ਪੋਸਟ ਬਿਊਰੋ)- ਗੁਰਦੁਆਰਾ ਰਕਾਬਗੰਜ ਸਾਹਿਬ ਦੇ ਕੋਵਿਡ ਸੈਂਟਰ ਵਿੱਚ ਹੈਪੀਨੈਸ ਥੈਰੇਪੀ ਦੇ ਨਾਮ ਉੱਤੇ ਰੋਮਾਂਟਿਕ ਫਿਲਮੀ ਗੀਤ ਵਜਾਉਣ ਦੇ ਬਾਰੇ ਜਾਗੋ ਪਾਰਟੀ ਨੇ ਸ਼੍ਰੀ ਅਕਾਲ ਤਖ਼ਤ ਵਿਖੇ ਸ਼ਿਕਾਇਤ ਕੀਤੀ ਅਤੇ ਇਸ ਮਾਮਲੇ ਵਿੱਚ ਸਿੱਖ ਰਿਵਾਇਤਾਂ ਮੁਤਾਬਕ ਕਾਰਵਾਈ ਦੀ ਮੰਗ ਕੀਤੀ ਹੈ।

ਪਤਾ ਲੱਗਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਥਾਨ ਗੁਰਦੁਆਰਾ ਰਕਾਬਗੰਜ ਸਾਹਿਬ ਵਿੱਚ ਸਾਲ 1984 ਘਲੂਘਾਰੇ ਦੀ ਬਰਸੀ ਮੌਕੇ ਹੋਏ ਇਸ ਰੰਗੀਲੇ ਪ੍ਰੋਗਰਾਮ ਦੇ ਕਾਰਨ ਸਿੱਖ ਮਰਿਆਦਾ ਉਤੇ ਸੱਟ ਲੱਗਣ ਅਤੇ ਗੁਰਬਾਣੀ ਦੀ ਬੇਅਦਬੀ ਦਾ ਦਾਅਵਾ ਕਰਦੇ ਹੋਏ ਜਾਗੋ ਪਾਰਟੀ ਦੇ ਆਗੂ ਮਨਜੀਤ ਸਿੰਘ ਜੀ ਕੇ ਨੇ ਸ਼੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਸ ਮਾਮਲੇ ਵਿੱਚ ਕਾਰਵਾਈ ਕਰਨ ਲਈ ਪੱਤਰ ਲਿਖਿਆ ਹੈ। ਇਸ ਸ਼ਿਕਾਇਤ ਉਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਨੂੰ ਸ਼੍ਰੀ ਅਕਾਲ ਤਖ਼ਤ ਵਿਖੇ ਤਲਬ ਕਰਨ ਦੀ ਮੰਗ ਕਰਦੇ ਹੋਏ ਮਨਜੀਤ ਸਿੰਘ ਜੀ ਕੇ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮਪ੍ਰਚਾਰ ਕਮੇਟੀ ਨੂੰ ਤੁਰੰਤ ਰੱਦ ਕਰਨ ਦੀ ਸਲਾਹ ਵੀ ਜਥੇਦਾਰ ਨੂੰ ਦਿੱਤੀ ਹੈ। ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਸ ਪਾਵਨ ਸਥਾਨ ਉੱਤੇ ਹੋਣ ਵਾਲੇ ਸ਼ਾਦੀ-ਵਿਆਹ ਆਦਿ ਦੇ ਪ੍ਰੋਗਰਾਮ ਵਿੱਚ ਡੀ ਜੇ ਢੋਲ ਅਤੇ ਬੈਂਡ ਵਜਾਉਣ ਦੀ ਵੀ ਸਖ਼ਤ ਮਨਾਹੀ ਹੈ, ਬਰਾਤੀਆਂ ਨੂੰ ਢੋਲ ਅਤੇ ਬੈਂਡ ਵਜਾਉਣ ਦੀ ਗੁਰਦੁਆਰਾ ਰਕਾਬਗੰਜ ਸਾਹਿਬ ਤੋਂ 100 ਮੀਟਰ ਪਹਿਲਾਂ ਤਕ ਹੀ ਇਜਾਜ਼ਤ ਹੈ, ਪਰ ਕੋਵਿਡ ਸੈਂਟਰ ਵਿੱਚ ਸਿਰਸਾ-ਕਾਲਕਾ ਨੇ ਹੈਪੀਨੈਸ ਥੈਰੇਪੀ ਦੇ ਨਾਮ ਉਤੇ ਰੋਮਾਂਟਿਕ ਫਿਲਮੀ ਗੀਤ ਵਜਾਉਣ ਦੀ ਇਜਾਜ਼ਤ ਦੇ ਕੇ ਆਪਣੀ ਨਾਸਮਝੀ ਜ਼ਾਹਰ ਕੀਤੀ ਹੈ।






# ਕੈਲੀਫੋਰਨੀਆ ਵਿੱਚ ਬੰਦੂਕਾਂ ਉੱਤੇ ਤਿੰਨ ਦਹਾਕਿਆਂ ਤੋਂ ਲੱਗੀ ਪਾਬੰਦੀ ਹਟਾ ਦਿੱਤੀ ਗਈ

ਅਮਰੀਕਾ, 7 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਇੱਕ ਫੈਡਰਲ ਜੱਜ ਨੇ ਬੰਦੂਕਾਂ ਉਤੇ ਕੈਲੀਫੋਰਨੀਆ ਵਿੱਚ ਤੀਹ ਸਾਲ ਪਹਿਲਾਂ ਲੱਗੀ ਪਾਬੰਦੀ ਹਟਾ ਦਿੱਤੀ ਹੈ ਅਤੇ ਜੱਜ ਨੇ ਬੈਨ ਫੈਸਲਾ ਦੇਂਦੇ ਹੋਏ ਕਿਹਾ ਹੈ, 'ਇਹ ਹਥਿਆਰ ਰੱਖਣ ਦੇ ਸੰਵਿਧਾਨਕ ਅਧਿਕਾਰ ਦੀ ਉਲੰਘਣਾ ਕਰਦਾ ਹੈ।''

ਸੈਨ ਡਿਏਗੋ ਦੇ ਯੂ ਐਸ ਡਿਸਟ੍ਰਿਕਟ ਜੱਜ ਰੋਜਰ ਬੈਨੀਟੇਜ ਨੇ ਹੁਕਮ ਵਿੱਚ ਕਿਹਾ ਹੈ ਕਿ ਫੌਜ ਦੀ ਸ਼ੈਲੀ ਵਾਲੀਆਂ ਗੈਰ ਕਾਨੂੰਨੀ ਰਾਈਫਲਾਂ ਨੂੰ ਸਰਕਾਰ ਦੀ ਪਰਿਭਾਸ਼ਾਹੇਠ ਕੈਲੀਫੋਰਨੀਆ ਦੇ ਕਾਨੂੰਨ ਦਾ ਪਾਲਣ ਕਰਨ ਵਾਲਿਆਂ ਲੋਕਾਂ ਨੂੰ ਕਾਨੂੰਨੀ ਰੂਪ ਵਿੱਚ ਹਥਿਆਰ ਰੱਖਣ ਤੋਂ ਵਾਂਝਾ ਕਰਦੀ ਹੈ, ਜਦ ਕਿ ਅਮਰੀਕੀ ਸੁਪਰੀਮ ਕੋਰਟ ਨੇ ਦੂਸਰੇ ਜ਼ਿਆਦਾਤਰ ਰਾਜਾਂ ਵਿੱਚ ਹਥਿਆਰ ਰੱਖਣ ਦੀ ਮਨਜ਼ੂਰੀ ਦਿੱਤੀ ਹੋਈ ਹੈ। ਉਨ੍ਹਾਂ ਨੇ ਇਸ ਕਾਨੂੰਨ ਨੂੰ ਸਥਾਈ ਤੌਰਉਤੇ ਰੱਦ ਕਰਨ ਦਾ ਹੁਕਮ ਦਿੱਤਾ ਹੈ। ਉਂਜ ਇਸ ਜੱਜ ਨੇ ਅਟਾਰਨੀ ਜਨਰਲ ਰਾਬ ਬੋਂਟਾ ਦੀ ਅਪੀਲ ਉਤੇ ਆਪਣੇ ਫੈਸਲੇ ਉਤੇ ਤੀਹ ਦਿਨਾਂ ਦੇ ਲਈ ਰੋਕ ਵੀ ਲਾ ਦਿੱਤੀ ਹੈ, ਤਾਂ ਕਿ ਅਟਾਰਨੀ ਜਨਰਲ ਬੋਂਟਾ ਨੂੰ ਅਪੀਲ ਕਰਨ ਦਾ ਸਮਾਂ ਮਿਲ ਸਕੇ। ਜੱਜ ਬੈਨੀਟੇਜ ਨੇ ਫੈਸਲੇ ਵਿੱਚ ਲਿਖਿਆ, 'ਸਵਿਸ ਆਰਮੀ ਨਾਈਫ ਦੀ ਤਰ੍ਹਾਂ ਏ ਆਰ-15 ਰਾਈਫਲ ਵੀ ਲੋਕਪ੍ਰਿਯ ਹੈ। ਸੂਬੇ ਵਿੱਚ ਇੱਕ ਬੰਦੂਕ ਨੀਤੀ ਦਾ ਬਦਲ ਲਾਗੂ ਕੀਤਾ ਜਾਏ, ਕਿਉਂਕਿ ਤੀਹ ਸਾਲ ਪੁਰਾਣਾ ਕਾਨੂੰਨ ਪੂਰੀ ਤਰ੍ਹਾਂ ਅਸਫਲ ਹੈ।'ਇਸ ਸੂਬੇ ਦੇ ਗਵਰਨਰ ਗੈਵਿਨ ਨਿਊਤਮ ਨੇ ਇਸ ਫੈਸਲੇ ਦੀ ਆਲੋਚਨਾ ਕਰਦੇ ਹੋਏ ਕਿਹਾ, 'ਇਹ ਜਨ ਸੁਰੱਖਿਆ ਤੇ ਨਿਰਦੋਸ਼ ਲੋਕਾਂ ਦੀਆਂ ਜ਼ਿੰਦਗੀਆਂ ਲਈ ਖਤਰਾ ਹੈ।'

ਵਰਨਣ ਯੋਗ ਹੈ ਕਿ 1989 ਵਿੱਚ ਇੱਕ ਬੰਦੂਕਧਾਰੀ ਨੇ ਕੈਲੀਫੋਰਨੀਆ ਵਿੱਚ ਇੱਕ ਸਕੂਲ ਵਿੱਚ ਪੰਜ ਬੱਚਿਆਂ ਦੀ ਹੱਤਿਆ ਕਰ ਦਿੱਤੀ ਅਤੇ ਲਗਭਗ ਤੀਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜ਼ਖਮੀ ਕਰ ਦਿੱਤਾ ਸੀ। ਇਸ ਘਟਨਾ ਦੇ ਬਾਅਦ ਸੂਬੇ ਵਿੱਚ ਬੰਦੂਕਾਂ ਬਾਰੇ ਲੋਕਾਂ ਵਿੱਚ ਗੁੱਸਾ ਸਿਖਰ ਉੱਤੇ ਪਹੁੰਚ ਗਿਆ, ਜਿਸ ਦੇ ਬਾਅਦ ਇੱਕ ਰਿਪਬਲੀਕਨ ਗਵਰਨਰ ਨੇ ਸੂਬੇ ਵਿੱਚ ਬੰਦੂਕਾਂ ਉੱਤੇ ਪਾਬੰਦੀ ਲਾ ਦਿੱਤੀ ਗਈ ਸੀ। ਅਜਿਹਾ ਕਰਨ ਵਾਲਾ ਇਹ ਅਮਰੀਕਾ ਦਾ ਪਹਿਲਾ ਸੂਬਾ ਸੀ। ਤਦ ਤੋਂ ਇਸ ਦੇ ਖਿਲਾਫ ਬੰਦੂਕ ਦੇ ਅਧਿਕਾਰ ਦੀ ਪੈਰਵੀ ਕਰਨ ਵਾਲੇ ਲੋਕ ਲੜਾਈ ਲੜ ਰਹੇ ਸਨ।

## ਲੱਦਾਖ ਵਿੱਚ ਭਾਰਤੀ ਜਵਾਨਾਂ ਅੱਗੇ ਨਹੀਂ ਟਿਕੇ ਚੀਨੀ, ਠੰਡ ਕਾਰਨ 90 ਫ਼ੀਸਦੀ ਜਵਾਨ ਪਰਤੇ

ਪੇਈਚਿੰਗ, 7 ਜੂਨ (ਪੋਸਟ ਬਿਊਰੋ)- ਪੂਰਬੀ ਲੱਦਾਖ ਦੇ ਪੈਂਗੋਂਗ ਝੀਲ ਖੇਤਰ ਵਿੱਚ ਹੱਡੀਆਂ ਕੰਬਾ ਦੇਣ ਵਾਲੀ ਠੰਢ ਵਿੱਚ ਭਾਰਤੀ ਫੌਜੀਆਂ ਨਾਲ ਮੁਕਾਬਲਾ ਕਰਨ ਆਉਣ ਵਾਲੇ ਚੀਨੀ ਫੌਜੀਆਂ ਨੂੰ ਪਰਤਣਾ ਪਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪੂਰਬੀ ਲੱਦਾਖ ਸੈਕਟਰ ਵਿਚਾਲੀ ਕੰਟਰੋਲ ਰੇਖਾ(ਐਲ ਓ ਸੀ) ਦੇ ਨੇੜੇ-ਤੇੜੇ ਵੱਡੀ ਗਿਣਤੀ ਵਿੱਚ ਚੀਨ ਨੇ ਆਪਣੇ ਫੌਜੀਆਂ ਦੀ ਤਾਇਨਾਤੀ ਕੀਤੀ ਸੀ, ਪਰ ਇਸ ਇਲਾਕੇ ਵਿੱਚ ਪੈਂਦੀ ਵਧੇਰੇ ਠੰਡ ਵਾਲੀ ਸਥਿਤੀ ਦਾ ਸਾਹਮਣੇ ਕਰਨ ਵਿੱਚ ਉਸ ਦੇ ਫੌਜੀ ਸਮਰੱਥ ਨਹੀਂ ਹਨ। ਮੀਡੀਆ ਰਿਪੋਰਟ ਮੁਤਾਬਕ ਇਸ ਕਾਰਨ ਚੀਨ ਨੇ ਪਿਛਲੇ ਇੱਕ ਸਾਲ ਤੋਂ ਉਥੇ ਤਾਇਨਾਤ ਫੌਜੀਆਂ ਨੂੰ ਬਦਲਿਆ ਤੇ ਉਨ੍ਹਾਂ ਦੀ ਜਗ੍ਹਾ ਨਵੇਂ ਫ਼ੌਜੀਆਂ ਨੂੰ ਤਾਇਨਾਤ ਕੀਤਾ ਹੈ। ਪੀਪਲਜ਼ ਲਿਬਰੇਸ਼ਨ ਆਰਮੀ ਦੇ 90 ਫ਼ੀਸਦੀ ਜਵਾਨ ਵਾਪਸ ਪਰਤ ਗਏ ਹਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM

KULWINDERCHHINA
BROKER
647.293.2327


Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2’’, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10”, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Check our Free E-paper at: [illegible]
[illegible]
905-793-2202
ਪੰਜਾਬੀ ਪੋਸਟ

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9” ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5’8’’, ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5’8’’, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5’11’,ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5’11’’, ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’7”, ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ ’ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Check our Free E-paper at: [illegible]
[illegible]
905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4’’, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5’3’’, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: Complete Basement, Tiles, Bathrooms, Plumbing, Laminate, Hardwood Floor, Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਪੀਜ਼ਾ ਡਿਲੀਵਰੀ ਡਰਾਇਵਰਾਂ ਦੀ ਲੋੜ
MAPLE ਵਿਚ ਇਕ ਬਿਜ਼ੀ ਪੀਜ਼ਾ ਸਟੋਰ ਲਈ ਡਿਲੀਵਰੀ ਡਰਾਇਵਰਾਂ ਦੀ ਤੁਰੰਤ ਲੋੜ ਹੈ। ਇਹ ਫੁਲ ਟਾਈਮ ਜੌਬ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਸਟੋਰ ਅੰਦਰ ਕੰਮ ਕਰਨ ਵਾਸਤੇ ਲੇਡੀ ਵਰਕਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ 11 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
ਸੰਪਰਕ: 6477043799, 6477059736

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Check our Free E-paper at: [illegible]
[illegible]
905-793-2202
ਪੰਜਾਬੀ ਪੋਸਟ

WANTED
Panjabi Nannies, Caregivers, Cleaning ladies and Cooks for GTA. Please contact at the earliest at:
416-275-7010

UPPAL LAW
AVTAR UPPAL Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

